Library of Middlebury College,
No. 11120
Presented by
Rev. E. Allen D.D.
1869

The Acts in Punjabee

Ex. July 1829

# ਘਲਿਆਂਦੇ ਕੰਮ ।

## ੧ ਪਹਲਾ ਪਰਬ ।

੧ ਹੇ ਥਿਓਫਿਲਸ ਜਿਸੁ ਆਪਣਿਆਂ ਚੁਣੀਦਿਆਂ ਘਲਿਆਂ
ਦੇ ਪਾਸ ਪਰਮਆਤਮਾ ਕਰਕੈ ਹੁਕਮ ਦੇਣੇਦੇ ਉਪਰੰਦ ਜਿਤ
੨ ਦਿਹ ਸੋ ਉਪਰਾਹਾਂ ਚੁਕਲਇਆਸੀ ਤਿਤਦਿਹਤੀਕੁਰ ਤਿਹਨੇ
ਜਿਸ ਜਿਸਕਰਣੇਨੂ ਅਤੇ ਉਪਦੇਸਣੇਨੂ ਆਰੰਭਿਆਹੈ ਤਿਸਸ
੩ ਭਵਿਖੈ ਮੈਨੇ ਸੋ ਪਹਲੀ ਪੋਥੀ ਬਣਾਈਹੈ । ਤਿਹਨੇ ਤਿਨਾ
ਘਲਿਆਂਤੇ ਚਾਲੀਆਂ ਦਿਹਾਂਤੀਕੁਰ ਸਾਮਰਤਖ ਹੋਇਕੈ ਅਤੇ
ਪਰਮੇਸੁਰਦੇ ਰਾਜ ਵਿਖੈ ਗਲਾਂ ਆਖਕੈ ਬਹੁਤ ਪਕੀ ਸਾਹਦੀ
ਦੇਕੈ ਆਪਣੇ ਮਰਣੇ ਉਪਰੰਦ ਤਿਨਾਦੇ ਪਾਸ ਆਪਨੂ ਜੀਉਂਦਾ
੪ ਵਿਖਾਇਆਸੀ । ਅਤੇ ਤਿਨਾਦੇ ਨਾਲ ਏਕਠੇ ਹੋਇਕੈ ਜਿਰੋਸ
ਲਮਨੁ ਛਡਕੇ ਨਾਹੀ ਜਾਣੇਦਾ ਹੁਕਮ ਤਿਨਾਤਾਂਈ ਦਿਤਾ ਹੋਰਕੀ
ਆਖਿਆ ਜੋ ਪਿਉਦਾ ਜੋ ਕਉਲ ਤੁਸਾਨੇ ਮੇਰੇ ਪਾਸਤੇ ਸੁਣਿ
੫ ਆਹੈ ਤਿਸਨੂ ਉਡੀਕਹੁ । ਕਿਉਂਕੇ ਯੋਹਨਨੇ ਜਲਵਿਚ
ਡੁਬਾਇਆਹੈ ਸਹੀ ਪਰੁ ਨੈਕ ਦਿਹਾ ਉਪਰੰਦ ਤੁਸੀ ਪਰਮਆ
੬ ਤਮਾਵਿਚ ਡੋਬੇਹੋਏ ਹੋਵੋਗੇ । ਉਪਰੰਦ ਤਿਨਾਨੇ ਮਿਲਕੇ
ਤਿਸਨੂ ਏਹ ਗਲ ਪੁਛੀ ਜੋ ਹੇ ਪ੍ਰਭੁ ਤੂੰ ਕੀ ਇਸਰਾਏਲਨੂ ਰਾਜ
੭ ਫੇਰ ਥਾਪ ਦੇਵੇਂਗਾ । ਤਿਹਨੇ ਤਿਨਾਨੂ ਆਖਿਆ ਜੋ ਪਿਉ
ਨੇ ਜਿਹਸਮੇਨ ਅਤੇ ਅਉਸਰਨੂ ਆਪਣੇ ਵਸਵਿਚ ਰਖਿਆਹੈ
੮ ਤਿਹਨੂ ਜਾਨਣੇਦਾ ਤੁਸਾਨੂ ਅਧਿਕਾਰ ਨਾਹੀ ਹੈ ਅਤੇ ਪਰਮ
ਆਤਮਾ ਤੁਸਾਡੇ ਉਪਰਿ ਆਵਣੇ ਉਪਰੰਦ ਤੁਸੀ ਕਰਾਮਾਤ

ਪਾਵਹੁੰਗੇ ਤਿਸਤੇ ਤੁਸੀ ਜਿਰੋਸਲਮਵਿਚ ਅਤੇ ਜਿਹੂਦਾਹ ਸਭ
ਦੇਸਵਿਚ ਅਤੇ ਸਮਰੋਨਵਿਚ ਅਤੇ ਸੰਸਾਰਦੀ ਸਭ ਹਦਤੀਕੁਰ
੯ ਮੇਰੇ ਸਾਹਦ ਹੋਵਹੁਗੇ । ਅਤੇ ਤਿਨਾਦਿਆਂ ਵੇਖਦਿਆਂ
ਹੋਇਆਂ ਏਹ ਗਲ ਆਖਕੈ ਉਤਾਹਾਂ ਲੈਆ ਗਇਆ ਤਿਨਾਦੀ
੧੦ ਨਜਰਤੇ ਅਟਾਲੇ ਤਿਹਨੂ ਢਕ ਲਇਆ । ਤਿਹਦੇ ਉਤਾਹਾਂ
ਜਾਦੇ ਸਮੇ ਤਿਨਾਦਿਆਂ ਸੁਰਗਦੀ ਵਲ ਵੇਖਦਿਆਂ ਹੋਇਆਂ
ਵੇਖਹੁ ਦੁਇ ਜਣੇ ਚਿਟ ਕਾਪੜੀਏ ਤਿਨਾਦੇ ਪਾਸ ਆਇ ਖੜੇ
੧੧ ਹੋਏ । ਤਿਨਾਨੇ ਆਖਿਆ ਜੋ ਹੇ ਗਾਲਿਲਿਦਿਓ ਲੋਕੋ ਤੁਸੀ
ਸੁਰਗਦੀ ਵਲ ਵੇਖਦੇ ਹੋਏ ਕਿਉ ਖੜੋਇ ਰਹੇਹੋਗੇ ਏਹੁ ਜਿਸੂ ਜੋ
ਤੁਸਾਡੀ ਵਲਤੇ ਸੁਰਗਵਿਚ ਲਇਆ ਗਇਆਹੈ ਤੁਸਾਨੇ ਜੈਸੇ
ਤਿਹਦਾ ਸੁਰਗਵਿਚ ਜਾਣਾ ਵਿਠਾਹੈ ਤੈਸੇਹੀ ਸੋ ਫੇਰ ਆਵੇਗਾ ।
੧੨ ਉਪਰੰਦ ਸੋ ਜੈਤਾਨਦੇ ਪਰਵਤਤੇ ਜਿਰੋਸਲਮਵਿਚ ਫੇਰ ਗਏ
ਸੋ ਪਹਾੜ ਜਿਰੋਸਲਮਤੇ ਏਕ ਸਾਬਤ ਦਿਹਦਾ ਰਸਤਾ ਹੈ ।
੧੩ ਅਤੇ ਸੋ ਨਹਰਵਿਚ ਵੜਕੇ ਉਤਲੀ ਏਕ ਕੋਠੜੀਵਿਚ ਗਏ
ਤਿਥੇ ਪਿਤਰ ਅਤੇ ਜਆਕੂਬ ਅਤੇ ਯੋਹਨ ਅਤੇ ਆਂਦਰੂ ਅਤੇ
ਫਿਲਿਪ ਅਤੇ ਤਮਾਸ ਅਤੇ ਬਾਰਤੋਲਮੀ ਅਤੇ ਮਤਿਉ ਅਤੇ
ਖਲਫੀਦਾ ਪੁਤ ਜਆਕੂਬ ਅਤੇ ਸੀਮੋਨ ਜਿਲੋਤਿਸ ਅਤੇ ਜਆ
੧੪ ਕੂਬਦਾ ਭਿਰਾਉ ਜਿਹੂਦਾਹ ਹੈਸੀ । ਅਤੇ ਤੀਵੀਂਆਂ ਅਤੇ
ਜਿਸੂਦੀ ਮਾਤਾ ਮਰਿਆ ਤਿਸਦਿਆਂ ਭਿਰਾਵਾਂਦੇ ਨਾਲ ਸੋ
ਸਭ ਏਕ ਦਿਲ ਕਰਕੈ ਬੇਨਤੀ ਅਤੇ ਮਿਨਤ ਕਰਦੀਆਹੈਸਨ ।
੧੫ ਮੁਰੀਦਾਂਦਾ ਨਾਮ ਮਿਲਾਇਕੇ ਸਤੇ ਵਿਅ ਵੀਹਾਕ ਹੈਸਨ ਤਦੋਂ
੧੬ ਤਿਨਾਵਿਚਤੇ ਪਿਤਰ ਉਠਕੇ ਬੋਲਿਆ । ਜੋ ਹੇ ਮਨੁਖੋ ਭਿਰਾਵੋ
ਜਿਨਾਨੇ ਜਿਸੂਨੂ ਫੜਿਆਸੀ ਤਿਨਾਤਾਂਈ ਰਸਤਾ ਦਸਣੇਹਾਰੇ
ਜਿਹੂਦਾਹਦੇ ਵਿਖੈ ਪੋਥੀਦਾ ਜੋ ਬਾਉ ਦਾਉਦਦੇ ਮੁਖਤੇ ਪਰਮਆ
ਤਮਾਨੇ ਪਹਲੇ ਆਖੀਸੀ ਤਿਸਬਾਉਦੇ ਪੂਰਾ ਹੋਵਣੇਨੂ ਜਰੂਰ ਹੈਸੀ
੧੭ ਕਿਉਕੇ ਸੋ ਜਣਾ ਅਸਾਡੇ ਨਾਲ ਪਹਲੇ ਗਿਣਿਆਹੈਸੀ ਅਤੇ ਏ
੧੮ ਸਸੇਵਾਤੇ ਤਿਹਦਾ ਅਧਿਕਾਰ ਪਾਇਆਸੀ । ਇਸਲੋਕਨੇ ਬੇਸਿ



ਦਕਦੀ ਬੀਤ ਦੇਕੈ ਖੇਤਨੂ ਮੁਲ ਲਇਆ ਉਪਰੰਦ ਮੂਧੇਮੂਹ
ਪਰਤੀਉਤੇ ਡਿਗਕੇ ਵਿਚਤੇ ਪਾਟ ਗਇਆ ਅਤੇ ਤਿਸਦੀਆਂ
੧੯ ਸਤੇ ਆਂਦਾ ਨਿਕਲ ਪਈਆ । ਜਿਰੋਸਲਮਦੇ ਰਹਣੇਹਾਰਿ
ਆਂ ਸਭਨਾ ਲੋਕਾਂਦੇ ਪਾਸ ਏਹੁ ਕੈਮ ਪ੍ਰਗਸਿਆ ਤਿਹਤੇ ਤਿ
ਨਾਦੀ ਬੋਲੀਵਿਚ ਤਿਸਖੇਤਦਾ ਨਾਮ ਹਕੇਲਦਮਾ ਆਖੀਦਾਹੈ
੨੦ ਅਰਥ ਏਹੁ ਲਹੂਦਾ ਖੇਤ । ਗੀਤਾਂਦੀ ਪੋਥੀਵਿਚ ਏਹ ਗਲਤੀ
ਲਿਖੀਹੈ ਜੋ ਤਿਹਦਾ ਰਹਾਇਸਦਾ ਬਾਉ ਉਜਾੜ ਹੋਵੇਗਾ ਕੋਈ
ਤਿਸਵਿਚ ਨਾਹੀ ਰਹੇ ਅਤੇ ਤਿਸਦੀ ਸੇਵਾ ਹੋਰ ਕੋਈ ਜਣਾ
੨੧ ਲੈਵੇ । ਇਸਵਾਸਤੇ ਤਿਤਦਿਹ ਸੋ ਅਸਾਡੇ ਪਾਸਤੇ
ਲੈਆ ਗਇਆਸੀ ਯੋਹਨਦੇ ਤੇਬਣੇਤੇ ਤਿਤਦਿਹਤੀਕੁਰ ਜਿਤ
ਨੇ ਦਿਹ ਪ੍ਰਭੁ ਜਿਸੂਨੇ ਅਸਾਡੇ ਵਿਚ ਆਵਣਾ ਜਾਣਾ ਕੀਤਾਸੀ
੨੨ ਜੇਹੜੇ ਅਸਾਂਡੇ ਨਾਲ ਸੈਨ ਤਿਨਾਮਨੁਖਾਵਿਚਤੇ ਏਕ ਜਣੇਨੂ
ਅਸਾਡੇ ਨਾਲ ਤਿਹਦੇ ਫੇਰ ਉਠਣੇਲਈ ਸਾਹਦ ਕਰਣਾ ਜਰੂਰ
੨੩ ਹੈ । ਇਸਵਾਸਤੇ ਯੂਸਫ ਜੋ ਜਿਹਨੂ ਬਾਰਸਬਾ ਨਾਮ ਆਖ
ਦੇਹੈਨ ਅਤੇ ਜਿਨਾਦਾ ਨਾਮ ਪ੍ਰਗਟ ਜਸਤਸ ਅਤੇ ਮਤੀਯਾਹ
੨੪ ਨਾ ਦੂਹਾ ਜਣਿਆਂਨੂ ਤਿਨਾਨੇ ਖੜਾ ਕੀਤਾ । ਤਦੋਂ ਸੋ ਬੇਨਤੀ
ਕਰਕੈ ਬੋਲੇ ਜੋ ਹੇ ਸਭਦੇ ਦਿਲ ਜਾਣਨਹਾਰੇ ਜਿਹੂਹ ਏਨਾਦੂਹਾ
ਮਨੁਖਾਵਿਚਤੇ ਤੁਧਨੇ ਕਿਸਨੂ ਪਸਿੰਦ ਕੀਤਾਹੈ ਤਿਸਨੂ ਦਸਹੁ
੨੫ ਜੋ ਉਹੁ ਟਹਲ ਅਤੇ ਖਲਕਪਣੇਦੀ ਟਹਲਨੂ ਲੈਵੇ ਜੋ ਜਿਸ
ਵਿਚ ਆਪਣੇ ਬਾਉਵਿਚ ਜਾਣੇਲਈ ਜਿਹੂਦਾਹ ਗੁਨਾਹ ਕਰਕੈ
੨੬ ਦੂਰ ਹੋਇਆਹੈਸੀ । ਉਪਰੰਦ ਤਿਨਾਨੇ ਗੁਣਾ ਪਾਇਆ
ਅਤੇ ਵੰਡ ਮਤਿਯਾਹਦੇ ਉਪਰਿ ਆਈ ਤਿਹਤੇ ਸੋ ਗਿਆਰਾਂ
ਖਲਿਆਂਦੇ ਨਾਲ ਗਿਣਤੀ ਹੋਇਆ ।—

ਪਰਬ ਪੇਂਤੇਕਸਤ ਦਿਹਾੜੇ ਕੁਲਕੁਲਾਂ ਅਵਣੇਤੇ ਸੋ ਸਭ ਏਕ ਦਿਲ
੨ ਹੋਇਕੇ ਏਕ ਬਾਂਉਵਿਚ ਇਕਠੇ ਹੋਏ । ਤਦੋਂ ਸੁਰਗਤੇ ਅਕ
ਸਮਾਤ ਵਡੀ ਸਖਤੀ ਵਾਉ ਵਰਗੀ ਏਕਰਾਹੋ ਸਬਦ ਹੋਇਆ
ਜਿਹਘਰਵਿਚ ਸੋ ਬੈਠੇਸੈਨ ਸੋ ਘੂਰ ਤਿਸਤੇ ਭਰਗਇਆ ।

੩ ਤਦੋਂ ਅਗਿ ਜੇਹੀ ਪਾਟੀ ਹੋਈ ਜੀਭ ਵੇਖਣੇਵਿਚ ਆਈ ਅਤੇ
੪ ਸਭ ਕਿਸੀ ਲੋਕ ਉਤੇ ਬੈਠੀ। ਤਿਸਤੇ ਸੋ ਸਭ ਪਰਮਆਤ
ਮਾਵਿਚ ਸੰਪੂਰਣ ਹੋਏ ਅਤੇ ਆਤਮਾਨੇ ਜੈਸੇ ਤਿਨਾਨੂ ਆਖਣੇ
੫ ਦਿਤਾ ਤੈਸੇ ਹੋਰ ਬੋਲੀ ਬੋਲਣੇ ਲਗੇ। ਤਦੋਂ ਸੁਰਗਦੇ ਹੇਠਲੇ
੬ ਸਭ ਕਿਸੀ ਦੇਸਤੇ ਪੁਨਵਾਨਾਂਦੀ ਜਿਰੋਸਲਮਵਿਚ ਰਹੇ। ਏਹੁ
ਕੰਮ ਪ੍ਰਗਾਸਣੇ ਉਪਰੰਦ ਮਹਾਇਣ ਇਕ ਥਾਂਉਵਿਚ ਦਉੜਕੇ
ਗਇਆ ਅਤੇ ਸਭ ਕੋਈ ਜਣਾ ਤਿਨਾਨੂ ਆਪਣੀ ਆਪਣੀ
੭ ਬੋਲੀ ਕਰਕੈ ਬੋਲਦਾਹੈ ਏਹੁ ਸੁਣਕੈ ਵਿਆਕੁਲ ਹੋਇਆ। ਇਸ
ਨਿਮਿਤ ਸੋ ਸਭ ਅਚਰਜ ਜਾਣਕੇ ਅਤੇ ਚਕਰਤ ਹੋਇਕੇ ਆਪ
ਸਵਿਚ ਕਹੇ ਜੋ ਵੇਖਹੁ ਜਿਹਗਲਨੂ ਆਖਦੇਹੈਨ ਸੋ ਸਭ ਕੀ ਗਾ
੮ ਲਿਲੀ ਨਾਹੀ ਹੈਨ। ਤਾਂ ਅਸੀ ਆਪਣੇ ਆਪਣੇ ਜਨਮ ਦੇ
੯ ਸਦੀ ਬੋਲੀ ਕਰਕੈ ਤਿਨਾਦੀਆਂ ਗਲਾ ਕੈਸੇ ਸੁਣਦੇਹਾਂ। ਪਾ
ਰਤੀ ਅਤੇ ਮਾਦੀ ਅਤੇ ਆਇਲਮੀ ਅਤੇ ਮੇਸੋਪੋਤਾਮਿਜਾ ਅਤੇ
੧੦ ਜਿਹੁਦਾਹ ਦੇਸ ਅਤੇ ਕਾਪਦੋਕਿਜਾ ਅਤੇ ਪੰਤਸ ਅਤੇ ਆਸਿ
ਜਾ ਅਤੇ ਫਿਰਗਿਜਾ ਅਤੇ ਪੰਪਿਲਿਜਾ ਅਤੇ ਮਿਸਰ ਅਤੇ ਕਿਰੀ
ਨਿਦੇ ਪਾਸਦੇ ਲਿਬਿਜਾ ਦੇਸਦਾ ਹਿਸਾ ਰੋਮ ਏਸਦੇਸਦੇ ਵਸ
ਨੀਕ ਅਤੇ ਤਿਥੇਦੇ ਗੈਈ ਰੂਮੀ ਅਤੇ ਜਿਹੁਦੀ ਅਤੇ ਜਿਹੁਦੀਜਾ ਦੇ
੧੧ ਦੀਨਵਾਲੇ। ਅਤੇ ਕਰੇਤੀ ਅਤੇ ਅਰਬੀ ਅਸੀ ਅਸਾਡੀ
ਆਪਣੀ ਆਪਣੀ ਬੋਲੀ ਕਰਕੈ ਸੋ ਪਰਮੇਸੁਰਦੇ ਵਡੇ ਕੰਮਨੂ
੧੨ ਆਖਦੇਹਾਂਗੇ ਏਹੁ ਅਸੀ ਸੁਣਦੇਹਾਂਗੇ। ਇਸਤੇ ਇਸਦਾ ਕਾਰਣ
ਕੀ ਏਹ ਗਲ ਆਪਸਵਿਚ ਬੋਲੇ ਅਤੇ ਸੋ ਚਕਰਤ ਹੋਇਗਏ
੧੩ ਅਤੇ ਸੰਸੇਵਾਨ ਹੋਏ ਅਤੇ ਕਿਸੀ ਕਿਸੀਨੇ ਹਾਸੀ ਕਰਕੈ ਆਖਿਆ
੧੪ ਜੋ ਏਹ ਮਨੁਖ ਨਵੇ ਦਾਖਾਦੇ ਰਸਨਾਲ ਖੀਵੇ ਏਹ ਹੈਨਗੇ। ਹੋਰਕੀ
ਗਿਆਰਾਂ ਮੁਰੀਦਾਂਦੇ ਨਾਲ ਪਿਤਰਨੇ ਖੜੋਇਕੇ ਉਚੇਤੇ ਤਿਨਾਨੂ
ਆਖਿਆ ਜੋ ਹੇ ਜਿਹੁਦੀ ਲੋਕੋਂ ਅਤੇ ਜਿਰੋਸਲਮਦੇ ਵਸਨੀਕੋ
੧੫ ਤੁਸੀ ਏਹੁ ਸਮਝਹੁ ਅਤੇ ਮੇਰੀ ਗਲ ਸੁਣਹੁ। ਕਿਉਂਕੇ
ਘਾਲੀ ਇਕ ਪਹਰ ਦਿਹ ਹੋਵਣਤੇ ਜੈਸੇ ਤੁਸੀ ਮਨਵਿਚ ਉਹ



੧੬ ਲੈਆਵਦੇ ਹੋਹੁਗੇ ਤੈਸੇ ਏਤਨੇ ਖੀਵੇ ਨਾਹੀ ਹੈਨਗੇ। ਹੋਰਕੀ
੧੭ ਏਹ ਓਹੁ ਜੋ ਜੋਹਲੀ ਜੋਏਲ ਪਿਕੰਬਰਨੇ ਆਖੀਹੈ ਜੋ ਜਿਹੁਹ
ਆਖਦਾਹੈ ਜੋ ਅੰਤ ਦਿਹਾੜੇ ਐਸੇ ਹੋਵੇਗਾ ਮੈਂ ਆਪਣੇ ਆਤ
ਮਾਨੂ ਸਭਨਾ ਜੀਵਾ ਉਪਰਿ ਉਲਦਾਂਗਾ ਤਿਸਤੇ ਤੁਸਾਡੇ ਪੁਤ
ਧੀਜਾ ਪਿਕੰਬਰਾਂਦੀਆਂ ਗਲਾਂਨੂ ਆਖਣਗੇ ਤੁਸਾਡੇ ਵਿਚ ਗਭਰੂ
ਲੋਕ ਦੀਦਾਰ ਵੇਖਣਗੇ ਅਤੇ ਤੁਸਾਡੇ ਵਿਚਤੇ ਬੁਢੇ ਲੋਕਭੀ ਸੁਫ
੧੮ ਨੇ ਵੇਖਣਗੇ। ਮੈਂ ਆਪਣਿਆਂ ਦਾਸਾ ਅਤੇ ਦਾਸੀਆਂਦੇ
ਉਪਰਿ ਤਿਨਾਦਿਹਾਂਵਿਚ ਆਪਣੇ ਆਤਮਾਨੂ ਉਲਦਾਂਗਾ ਤਿਸਤੇ
੧੯ ਸੋ ਪਿਕੰਬਰਦੀਆ ਗਲਾ ਆਖਣਗੇ। ਅਤੇ ਮੈਂ ਉਤੇ ਸੁਰਗਤੇ
ਪਤੇ ਦਿਖਾਵਾਂਗਾ ਅਤੇ ਨੀਚੇ ਧਰਤੀਤੇਭੀ ਪਤੇ ਦਿਖਾਵਾਗਾ ਅਰਥ
੨੦ ਏਹ ਲੋਹੁ ਅਤੇ ਅਗਿ ਅਤੇ ਧੂਏ ਜੇਹੀ ਹਵਾੜਨੂ ਅਤੇ ਜਿਹੁਹਾਦੇ
ਸੋ ਵਡੇ ਅਤੇ ਅਚਰਜ ਦਿਹਦੇ ਪਹਲੇ ਸੂਰਜ ਅੰਧਕਾਰ ਹੋਇ
੨੧ ਜਾਵੇਗਾ ਅਤੇ ਚੰਦ ਲੋਹੂ ਹੋਇ ਜਾਵੇਗਾ। ਹੋਰਕੀ ਜੋ ਕੋਈ
੨੨ ਜਿਹੁਹਦੇ ਨਾਮ ਕਰਕੈ ਬੇਨਤੀ ਕਰੇਗਾ ਸੋ ਉਧਰੇਗਾ। ਹੇ
ਜਿਸਰਾਇਲੀ ਮਨੁਖੋ ਏਹ ਗਲ ਸੁਣਹੁ ਪਰਮੇਸੁਰਨੇ ਜੋ ਅਚਰਜ
ਅਤੇ ਅਦਭੁਤ ਕੰਮ ਅਤੇ ਪਤੇ ਤਿਸਦੀ ਮਾਰਫਤ ਤੁਸਾਡੇ
ਵਿਚ ਕੀਤੇਹੈਨ ਜੈਸੇ ਤੁਸੀਭੀ ਜਾਣਹੁ ਇਨਾਸਭਨਾਤੇ ਪਰਮੇਸੁ
੨੩ ਰਦੀ ਪਸਿੰਦ ਜਿਸੂ ਨਾਜੇਰੇਣ ਹੈ। ਤਿਸਨੂ ਪਰਮੇਸੁਰਦੇ
ਭਾਣੇਤੇ ਅਤੇ ਪੂਰਬਲੇ ਜਾਣਨੇਤੇ ਸੌਂਪੇ ਹੋਏਨੂ ਤੁਸਾਨੇ ਲੈਕੇ
ਕੁਹਥਾਂਕਰਕੈ ਕਰੂਸ ਉਤੇ ਨਰੜਕੇ ਮਾਰ ਸਿਟਵਾਇਆਹੈ।
੨੪ ਪਰਮੇਸੁਰਨੇ ਮਉਤਦੇ ਬੰਨਣਨੂ ਖੋਲਕੇ ਜਿਹਨੂ ਉਠਾਇਆਹੈ
ਕਿਉਂਕੇ ਤਿਹਨੂ ਤਿਹਨਾਲ ਪਕੜਿਆ ਰਹਣਾ ਸਕੀਦਾ ਨਾਹੀ ਹੈ।
੨੫ ਦਾਉਦਨੇ ਤਿਸਦਿਖੈ ਆਖਿਆਹੈ ਜੋ ਮੈਂਨੇ ਆਪਣੇ ਸਾਮਣੇ ਜਿ
ਹੁਹਨ ਸਦਾ ਜਾਣਿਆ ਹੈ ਸੋ ਮੇਰੇ ਸਜੇ ਹੈ ਜੋ ਮੈਂ ਨਾਹੀ ਚਲਾਂ।
੨੬ ਇਸਨਿਮਿਤ ਮੇਰੇ ਮਨ ਚਾਉ ਅਤੇ ਮੇਰੀ ਜੀਭ ਖੁਸੀ ਅਤੇ ਮੇਰਾ
੨੭ ਸਰੀਰਭੀ ਭਰੋਸੇਵਿਚ ਵਿਸਰਾਮ ਪਾਵੇਗਾ। ਕਿਉਂਕੇ ਮੇਰੇ

ਠ ੨ ਪੂ

ਆਤਮਾਨੂੰ ਤੂੰ ਅਧੋਲੋਕਵਿਚ ਛਡਕੇ ਨਾਹੀ ਜਾਵੇਗਾ ਤੂੰ ਆਪਣੇ
੨੮ ਪਰਮੀਨੂੰ ਵਿਕਾਰਪਣਾ ਵੇਖਣੇ ਨਾਹੀ ਦੇਵੇਗਾ। ਤੁਧਨੇ ਮੈਨੂੰ
ਜੀਵਣੇਦਾ ਰਸਤਾ ਦਸਿਆਹੈ ਤੂੰ ਆਪਣੇ ਮੁਹਨੂੰ ਵਿਖਾਇਕੇ
੨੯ ਮੇਰੇ ਮਨਨੂੰ ਖੁਸੀਨਾਲ ਭਰਪੂਰ ਕਰੇਂਗਾ। ਹੇ ਮਨੁਖੋ ਭਿਰਾਵੋ
ਦਾਉਦ ਵਡਿਆਂਦੇ ਵਿਖੇ ਤੁਸਾਡੇ ਪਾਸ ਮੈਂ ਪ੍ਰਗਟ ਆਖਾਂ ਜੋ
ਓਹੁ ਮੁਇਆਹੈ ਅਤੇ ਗੋਰਵਿਚ ਸਵਾਇਆਹੈ ਅਤੇ ਤਿਸਦੀ
ਗੋਰ ਆਸਾਵਿਚ ਐਥੇ ਹੁਣਤੀਕੁਰਤੀ ਹੈਗੀ। ਸੋ ਪਿਕੰਬਰ
੩੦ ਹੋਇਕੇ ਤਿਸਦੇ ਤਖਤ ਉਪਰਿ ਬੈਠਣੇ ਲਈ ਜੋ ਪਰਮੇਸੁਰ ਤਿ
ਸਦੇ ਕੰਮਤੇ ਖ੍ਰੀਸਟਨੂੰ ਉਪਜਾਵੇਗਾ ਪਰਮੇਸੁਰਨੇ ਜੋ ਤਿਹਦੇ ਪਾਸ
੩੧ ਏਹ ਗਲ ਸਹੁ ਕਰਕੇ ਆਖੀਹੈ ਤਿਹਨੇ ਏਹ ਸਮਝਕੇ ਅਤੇ
ਪਹਲੇ ਵੇਖਕੇ ਖ੍ਰੀਸਟਦੇ ਫੇਰ ਉਠਣੇ ਵਿਖੈ ਆਖਿਆ ਜੋ ਤਿਹ
ਦਾ ਆਤਮਾ ਅਧੋਲੋਕਵਿਚ ਨਾਹੀ ਛਡਿਆਹੈ ਅਤੇ ਤਿਸਦਾ
੩੨ ਸਰੀਰ ਗੰਦੇਪਣੇਨੂੰ ਨਾਹੀ ਵਿਠਾ ਤਿਸਜਿਸਨੂੰ ਪਰਮੇਸੁਰਨੇ ਉਠਾ
੩੩ ਇਆਹੈ ਜੋ ਜਿਹਦੇ ਸਾਹਦ ਅਸੀ ਸਭੇ ਹਾਂਗੇ। ਸੋ ਪਰਮੇਸੁ
ਰਦੇ ਸਜੇ ਹਥ ਕਰਕੈ ਉਠਾਇਆ ਗਇਆ ਹੋਇਕੇ ਅਤੇ ਪਿਉਦੇ
ਪਾਸਤੇ ਪਰਮਆਤਮਾਦੇ ਦੇਣੇ ਕਉਲਨੂੰ ਪਾਇਕੇ ਏਹੁ ਉਲ
੩੪ ਟਿਆਹੈ ਜੋ ਤੁਸੀ ਵੇਖਦੇ ਅਤੇ ਸੁਣਦੇਹੋਂਗੇ। ਦਾਉਦ
ਸੁਰਗਵਿਚ ਉਠਿਆ ਨਾਹੀ ਸਗੂ ਪਰੁ ਆਪ ਤਿਹਨੇ ਆਖਿ
੩੫ ਆ ਜੋ ਜਿਹੁਣ ਮੇਰੇ ਪਰਮੇਸੁਰਨੂੰ ਆਖਿਆ ਜੋ ਜਿਤਨਾ ਚਿਰੁ
ਤੇਰਿਆਂ ਦੁਸਮਣਾਨੂੰ ਤੇਰਿਆਂ ਚਰਣ ਪੀੜ੍ਹਾ ਨਾਹੀ ਕਰਾਂ ਤਿ
੩੬ ਤਨਾ ਚਿਰੁ ਮੇਰੇ ਸਜੇ ਬੈਠ। ਏਸਵਾਸਤੇ ਜਿਸਰਏਲਦੇ
ਸਭੇ ਵੰਸ ਠੀਕ ਜਾਣਨ ਜੋ ਤੁਸਾਨੇ ਜਿਹਨੂੰ ਕਰੂਸ ਉਤੇ ਮਾਰਿ
ਆ ਪਰਮੇਸੁਰਨੇ ਤਿਸਜਿਸਨੂੰ ਪ੍ਰਭੁ ਅਤੇ ਖ੍ਰੀਸਟ ਏਸਹੀ ਦੁਹਨੂੰ
੩੭ ਕੀਤਾਹੈ। ਤਿਨਾਨੇ ਏਹ ਗਲ ਸੁਣਕੇ ਦਿਲਵਿਚ ਵਿੰਨ੍ਹੇਂ ਹੋਇ
ਆਨੇ ਪਿਤਰਨੂੰ ਅਤੇ ਹੋਰਨਾ ਅਲਿਆਂਨੂੰ ਆਖਿਆ ਜੋ ਹੇ ਮਨੁ
੩੮ ਖੋ ਭਰਾਵੋ ਅਸੀ ਕੀ ਕਰਹੀਂ। ਪਿਤਰ ਤਿਨਾਨੂੰ ਬੋਲਿਆ ਜੋ ਮਨ
ਫੇਰਹੁ ਅਤੇ ਪਾਪ ਛੁਟਣੇ ਲਈਂ ਸਭ ਕੋਈ ਜਣਾ ਜਿਸੂ ਖ੍ਰੀਸਟ



ਦੇ ਨਾਮ ਕਰਕੈ ਡੋਬੇ ਹੋਏ ਹੋਵਹੁ ਤਿਸਤੇ ਪਰਮਆਤਮਾ ਦਾਨ
੩੯ ਪਾਵਹੁੰਗੇ। ਕਿਉਕੇ ਜੋ ਕੌਲ ਤੁਸਾਡੇਤਾਂਈ ਅਤੇ ਤੁਸਾਡਿ
ਆਂ ਪੁਤ੍ਰਾਤਾਂਈ ਅਤੇ ਜਿਤਨੇ ਲੋਕ ਦੂਰ ਹੈਨ ਅਰਥ ਏਹੁ ਜਿ
ਹੁਹ ਅਸਾਡਾ ਪਰਮੇਸੁਰ ਜਿਤਨਿਆਂ ਜਣਿਆਂਨੂੰ ਸਦੇਗਾ ਤਿ
੪੦ ਨਾਦੇਤੀ ਉਪਰਿ ਹੈ। ਉਪਰੰਦ ਏਨਾਕੁਮਾਰਗ ਚਲਦਿਆਂ
ਲੋਕਾਂਤੇ ਆਪਨੂੰ ਛੁਡਾਵਹੁ ਏਹ ਗਲ ਅਤੇ ਹੋਰ ਹੋਰ ਆਪ
ਣੀਆਂ ਗਲਾਂਤੇਤੀ ਤਿਹਨੇ ਸਾਹਦੀ ਦਿਤੀ ਅਤੇ ਉਪਦੇਸ
੪੧ ਕੀਤਾ। ਤਿਹਤੇ ਜਿਤਨਿਆਂ ਮਨੁਖਾਨੇ ਦਿਲਦੀ ਪ੍ਰਸੰ
ਨਤਾਤੇ ਤਿਹਦੀ ਗਲ ਮਨੀ ਤਿਤਨੇ ਲੋਕ ਡੁਬੇ ਹੈਸਨ ਅਤੇ
ਤਿਸਹੀ ਦਿਹਾੜੇ ਹਜਾਰ ਤਿਨਕ ਤਿਨਾਦੇ ਸੰਗੀ ਹੋਏਸੈਨ।
੪੨ ਅਤੇ ਅਲਿਆਂਦੇ ਉਪਦੇਸਵਿਚ ਅਤੇ ਮਿਲਣਵਿਚ ਅਤੇ ਰੋਟੀ
੪੩ ਤੋੜਣੇਵਿਚ ਅਤੇ ਬੇਨਤੀ ਕਰਣੇਵਿਚ ਸਦਾ ਠਹਰੇ। ਤਿਸਤੇ
ਸਭਨਾ ਮਨੁਖਾਤਾਂਈ ਡਰ ਹੋਇਆ ਅਤੇ ਅਲਿਆਂਨੇ ਘਣੇ
੪੪ ਅਚਰਜ ਕੰਮ ਅਤੇ ਪਤੇ ਕੀਤੇ। ਜੋ ਪਤੀਜੇ ਸੋ ਲੋਕਤੀ
ਏਕਠੇ ਹੋਏ ਅਤੇ ਸੋਤੀ ਸਭ ਥੋਕਵਿਚ ਸਮਾਨ ਅਧਿਕਾਰੀ
੪੫ ਹੋਏ। ਅਤੇ ਆਪਣੇ ਅਧਿਕਾਰਨੂੰ ਅਤੇ ਧਨਨੂੰ ਵੇਚਕੇ
ਸਭਦੇ ਪ੍ਰਜੋਜਨ ਅਨੁਸਾਰ ਸਭਨਾਤਾਂਈ ਹਿਸਾ ਕਰ ਦਿਤਾ।
੪੬ ਅਤੇ ਸੋ ਸਭੇ ਏਕਮਨ ਹੋਇਕੇ ਸਦਾ ਮੰਦਿਰਵਿਚ ਰਹੰਦੇਹੋਏ
ਅਤੇ ਘਰਵਿਚ ਰੋਟੀ ਤੋੜਦੇਹੋਏ ਚਿਤ ਚਾਉਤੇ ਅਤੇ ਏਕ ਮਨਤੇ
੪੭ ਪਰਮੇਸੁਰਦੀ ਵਡਿਆਈ ਕਰਦੇਹੋਏ ਅਤੇ ਸਭਨਾਦੇ ਪਾਸ
ਨਾਮੀ ਹੋਏ ਆਪਣੀ ਖੁਰਾਕਨੂੰ ਖਾਧਾ ਅਜੇਹੇ ਮਨੁਖ ਪਰਮੇਸੁਰਨੇ
ਸਦਾ ਮੰਡਲੀਦੇ ਸੰਗੀ ਕੀਤੇਹੈਨ ਜੋ ਜੇਹੜੇ ਉਪਰਲਗੇ।

ਪਰਬ ਉਪਰੰਦ ਬੇਨਤੀ ਸਮੇ ਅਰਥ ਏਹੁ ਦਿਹਦੇ ਤੀਜੇ ਪਹਰ ਸਮੇ
੩ ਪਿਤਰ ਅਤੇ ਜੋਹਨ ਮਿਲ ਕਰਕੈ ਮੰਦਿਰਵਿਚ ਗਏ। ਸਾ
ਇਦੇ ਜਿਤਤੇ ਪਿੰਗੁਲਾ ਏਕ ਮਨੁਖਾ ਚਕਕੈ ਤਿਥੇ ਆਪੜਾਇ
ਦਿਤਾਸੀ ਜੋ ਜਿਹਨੂੰ ਮੰਦਿਰਦਿਆਂ ਜਾਣੀਆਂ ਲੋਕਾਂ ਪਾਸਤੇ
ਭਿਖਿਆ ਮੰਗਣੇ ਲਈਂ ਲੋਕਾਂਨੇ ਮੰਦਿਰਦੇ ਸੋਹਣੇ ਦਰਵਾਜੇਵਿਚ

੩ ਸਦਾ ਠਹਰਾਇਆ। ਤਿਹਨੇ ਮੰਦਿਰਵਿਚ ਵੜਦੇ ਪਿਤ
੪ ਰਨੂ ਅਤੇ ਜੋਹਨਨੂ ਵੇਖਕੇ ਭਿਖਿਆ ਮੰਗੀ। ਤਦੋਂ ਪਿਤਰ
ਅਤੇ ਜੋਹਨਨੇ ਤਿਹਦੀ ਵਲ ਤਾਕਕੈ ਆਖਿਆ ਅਸਾਡੀਂ ਵ
੫ ਲ ਤਾਕੁ। ਤਿਨਾਤੇ ਕਿਛੁ ਪਾਵਾਂਗਾ ਏਹ ਆਸ ਕਰਕੈ ਤਿਹ
੬ ਜਣੇਨੇ ਤਿਨਾਦੀ ਗਲ ਮਨੀ। ਉਪਰੰਦ ਪਿਤਰ ਬੋਲਿਆ
ਜੋ ਮੇਰੇ ਪਾਸ ਰੁਪਾ ਸੁਇਨਾ ਕਿਛੁ ਨਾਹੀ ਹੈ ਪਰੁ ਮੇਰੇ ਪਾਸ
ਜੋ ਹੈ ਤਿਹਨੂ ਤੇਰੇਤਾਂਈ ਦਿੰਦਾਹਾਂ ਜਿਸੂਖ੍ਰੀਸਟ ਨਾਸਰੇਨਦੇ
੭ ਨਾਮਤੇ ਉਠ ਚਲੁ। ਉਪਰੰਦ ਤਿਹਦੇ ਸਜੇ ਹਥਨੂ ਫੜਕੇ
ਤਿਹਨੇ ਤਿਹਨੂ ਉਠਾਇਆ ਤਿਸਤੇ ਤਿਹਦਿਆਂ ਪੈਰਾਂਨੇ ਅਤੇ
੮ ਗਿੱਟਿਆਂਨੇ ਤੁਰਤ ਬਲ ਲਹਿਆ। ਤਿਸਤੇ ਸੋ ਛਾਲ ਮਾਰਕੈ
ਖੜਾ ਹੋਇਆ ਅਤੇ ਚਲਿਆ ਚਲਦਾ ਹੋਇਆ ਅਤੇ ਛਾਲਾ
ਮਾਰਦਾ ਹੋਇਆ ਪਰਮੇਸੁਰਦੀ ਮਹਿਮਾ ਕਰਕੇ ਤਿਨਾਦੇ ਨਾਲ
੯ ਮੰਦਿਰਵਿਚ ਵੜਿਆ। ਤਦੋਂ ਸਭਨਾ ਮਨੁਖਾਨੇ ਤਿਹਨੂ
੧੦ ਫਿਰਦਾ ਅਤੇ ਪਰਮੇਸੁਰਦੀ ਮਹਿਮਾ ਕਰਦਾ ਡਿਠਾ। ਤਿ
ਨਾਨੇ ਜਾਣਿਆ ਜੋ ਜਣਾ ਭਿਖਿਆ ਮੰਗਣੇ ਲਈਂ ਮੰਦਿਰਦੇ
ਸੋਹਣੇ ਦਰਵਾਜੇ ਬੈਠਾਹੈਸੀ ਸੋਈ ਏਹੁ ਜਣਾ ਹੈ ਉਪਰੰਦ ਤਿਸ
ਤਾਂਈ ਜੋ ਹੋਇਆਸੀ ਤਿਸਤੇ ਵਡਾ ਅਚੰਭਾ ਜਾਣਕੇ ਘਿਆ
੧੧ ਕੁਲ ਹੋਇਗਏ। ਜਿਸਪਿੰਗੁਲੇ ਮਨੁਖਨੂ ਚੰਗਾ ਕੀਤਾਸੀ ਤਿਸ
ਮਨੁਖਨੇ ਪਿਤਰ ਅਤੇ ਜੋਹਨਨੂ ਪਕੜਿਆ ਤਦੋਂ ਸਭ ਮਨੁਖ
ਚਕਰਤ ਹੋਇਕੇ ਸਲਮਨਦੇ ਦਰਦਾਲਾਨ ਉਪਰਿ ਤਿਨਾ
੧੨ ਪਾਸ ਦਉੜਕੇ ਆਏ। ਉਪਰੰਦ ਪਿਤਰਨੇ ਤਿਹਨੂ ਵੇਖਕੇ
ਲੋਕਾਂਨੂ ਆਖਿਆ ਜੋ ਹੇ ਇਸਰਾਏਲੀਓ ਮਨੁਖੋ ਤੁਸੀ ਏਸਤੇ
ਕਿਉ ਅਚਰਜ ਮਨਦੇਹੋਗੇ ਅਸਾਨੇ ਆਪਣੇ ਬਲਤੇ ਅਤੇ
ਧਰਮਤੇ ਇਹਨੂ ਤੋਰਣੇ ਵਾਲਿਆਂ ਅਸਾਨੂ ਜੈਸੇ ਵੇਖਦੇਹੋਗੇ
੧੩ ਤੈਸੇ ਅਸਾਨੂ ਏਕ ਨਜਰ ਕਰਕੈ ਕਿਉ ਵੇਖਦੇਹੋਗੇ। ਆਬਰ
ਹਾਮ ਅਤੇ ਇਸਹਾਕ ਅਤੇ ਯਾਕੂਬਦੇ ਪਰਮੇਸੁਰਨੇ ਅਤੇ
ਅਸਾਡਿਆਂ ਵਡਿਆਂਦੇ ਪਰਮੇਸੁਰਨੇ ਆਪਣੇ ਪੁਤ ਜਿਸੂਨੂ



ਮਹਾਤਮੀ ਕੀਤਾਹੈ ਜੋ ਜਿਹਨੂ ਤੁਸਾਨੇ ਓਪੜਿਆਂਦੇ ਹਥਵਿਚ
ਸੌਉਪਿਆਹੈ ਅਤੇ ਜਦੋਂ ਪੀਲਾਤਨੇ ਤਿਹਦੇ ਛਡਣੇਨੂ ਵਿਚਾਰਿ
੧੪ ਆਸੀ ਤਦੋਂ ਤਿਹਨੂ ਪੀਲਾਤਦੇ ਸਾਮਣੇ ਮੁਕਰੇਸਹੁ। ਹੋਰਕੀ
ਤੁਸੀ ਤਿਹਪਰਮੀ ਅਤੇ ਜਿਦਕੀ ਮਨੁਖ ਵਿਖੈ ਮੁਕਰ ਗਏ ਸਹੁਗੇ
ਅਤੇ ਮੰਗਿਆ ਜੋ ਏਕ ਖੂਨੀ ਜਣਾ ਅਸਾਡੇਤਾਂਈ ਦੇਈਏ।
੧੫ ਅਤੇ ਜੀਵਣੇਦੇ ਰਾਜੇਨੂ ਮਾਰਸਿਟਿਆ ਜੋ ਜਿਹਨੂ ਪਰਮੇਸੁਰਨੇ
ਮਉਤਤੇ ਉਠਾਇਆ ਜਿਹਦੇ ਵਿਖੈ ਅਸੀ ਸਾਹਦ ਹੋਏਹਾਂਗੇ।
੧੬ ਅਤੇ ਤਿਸਦੇ ਨਾਮ ਉਪਰਿ ਜੋ ਪਤੀਜਣਾ ਹੈ ਤਿਸਤੇ ਤਿਸਦੇ
ਨਾਮਨੇ ਏਸਮਨੁਖਨੂ ਬਲੀ ਕੀਤਾਹੈ ਜੋ ਜਿਹਨੂ ਤੁਸੀ ਵੇਖਦੇਹੋਗੇ
ਅਤੇ ਸੀਆਣਦੇ ਹੋਗੇ ਤਿਸਤੇ ਜੋ ਪਤੀਜ ਹੈ ਤਿਸਪਤੀਜਨੇ
ਤੁਸਾਂ ਸਭਨਾਦੇ ਸਾਮਣੇ ਤਿਸਤਾਂਈ ਏਹ ਸੰਪੂਰਣ ਨਰੋਏਪਣਾ
੧੭ ਦਿਤਾਹੈ। ਏਸਤੇ ਹੁਣ ਹੇ ਭਿਰਾਵੋ ਮੈਂ ਸਮਝਦਾ ਜੋ ਤੁਸਾਨੇ ਅਤੇ
੧੮ ਤੁਸਾਡਿਆਂ ਪੈਂਚਾਨੇ ਤਿਸਨੂ ਅਸਮਝਤੇ ਕੀਤਾਹਾਂ। ਹੋਰਕੀ
ਪਰਮੇਸੁਰਨੇ ਆਪਣਿਆਂ ਸਭਨਾ ਪਿਕੰਬਰਾਂਦੀ ਜਬਾਨੀ ਜੋ ਗਲ
ਪ੍ਰਗਟਾਈ ਹੈਸੀ ਸੋ ਗਲਾਂ ਜੋ ਖ੍ਰੀਸਟ ਮਰੇਗਾ ਤਿਹਨੇ ਇਸਰੀਤ
੧੯ ਹਾਂ ਪੂਰੀਆਂ ਕੀਤੀਆਂਹੈਨ। ਇਸਤੇ ਮਨ ਫੇਰਹੁ ਅਤੇ ਫਿਰਹੁ
੨੦ ਵਿਸਰਾਮਣੇਦਾ ਸਮਾ ਜਦੋਂ ਜਿਹੁਹਤੇ ਆਵੇਗਾ ਤਦੋਂ ਸੋ ਜਿਸੂਖ੍ਰੀਸ
ਟਨੂ ਘਲੇਗਾ ਜਿਸਦੇਵਿਖੈ ਪਹਲੇ ਤੁਸਾਡੇ ਪਾਸ ਪੁਕਾਰਿਆਹੈਸੀ
੨੧ ਤਦੋਂ ਤੁਸਾਡੇ ਪਾਪ ਛੁਟਨ। ਕਿਉਕੇ ਪਰਮੇਸੁਰਨੇ ਜੋ ਪੁਨ
ਵਾਨ ਪਿਕੰਬਰ ਸੰਸਾਰਦੇ ਆਰੰਭਦੇ ਸਮੇਤੇ ਹੈਸਨ ਤਿਨਾਸਭ
ਨਾਦੀਆਂ ਜਬਾਨਾ ਕਰਕੈ ਸਭ ਕੋਈਦੇ ਫੇਰ ਠਹਰਾਵਣੇਦੀਆਂ
ਗੱਲਾਂਨੂ ਆਖਿਆ ਸੋ ਸਮਾ ਜਦੋਂ ਆਵੇਗਾ ਤਦੋਂਤੀਕੁਰ ਸੁਰਗਨੂ
੨੨ ਤਿਸਨੂ ਲੈਣਾ ਜਰੂਰ ਹੈ। ਮੋਸਹਨੇ ਵਡਿਆਂਦੇ ਪਾਸ ਸਚ
ਆਖਿਆ ਜੋ ਜਿਹੁਹ ਤੁਸਾਡਾ ਪਰਮੇਸੁਰ ਤੁਸਾਡਿਆਂ ਭਿਰਾ
ਵਾਂਤੇ ਮੇਰੇ ਜੇਹੇ ਏਕ ਪਿਕੰਬਰਨੂ ਤੁਸਾਡੇਵਾਸਤੇ ਜਰੂਰ ਉਪਜਾ
ਵੇਗਾ ਜੋ ਸਭ ਵਿਖੈ ਸੋ ਜੋ ਗਲ ਤੁਸਾਡੇਤਾਂਈ ਆਖੇਗਾ ਤਿਨਾ
੨੩ ਸਭਨਾਦੇ ਵਿਖੈ ਤਿਹਦੀ ਗਲ ਸੁਣਨੀ। ਜੋ ਸਭ ਕੋਈ ਤਿਸ

ਪਿਕੰਬਰਦੀ ਗਲਨੂ ਨਾਹੀ ਸੁਣੇਗਾ ਤਿਸਨੂ ਆਪਣਿਆਂ ਲੋਕਾਂ
੨੪ ਵਿਚਤੇ ਮਾਰਸਿਟਣਾ ਪਏਗਾ । ਸਾਮੁਏਲ ਆਦੀ ਜਿਤ
ਨਿਆਂ ਪਿਕੰਬਰਾਂਨੇ ਆਖਿਆਹੈ ਤਿਨਾਸਭਨਾਨੇ ਆਖਿਆਹੈ
੨੫ ਜੋ ਏਹ ਦਿਨ ਹੋਵੇਗਾ । ਤੁਸੀ ਪਿਕੰਬਰਾਂਦੇ ਪੁਤ ਹੋਹੁੰਗੇ ਅਤੇ
ਤੇਰੇ ਵੰਸਤੇ ਸਭ ਸੰਸਾਰਦੇ ਵੰਸ ਵਰਸਾਂਵਣਗੇ ਆਬਰਹਾ
ਮਨੂ ਏਹੁ ਗਲ ਬੋਲਕੇ ਪਰਮੇਸੁਰਨੇ ਅਸਾਡਿਆਂ ਵਡਿਆਂਦੇ
ਨਾਲ ਜੋ ਏਕ ਪੂਨ ਕੀਤਾਹੈ ਤਿਸਪੂਨਦੇ ਪੁਤਭੀ ਤੁਸੀ ਹੋਹੁੰਗੇ ।
੨੬ ਤੁਸਾਡੇ ਸਭਕਿਸੀ ਜਣੇਨੂ ਤਿਸਦੇ ਪਾਪਤੇ ਫੇਰਣੇਤੇ ਤੁਸਾਨੂ
ਆਸੀਸ ਦੇਵਣੇ ਲਈਂ ਪਰਮੈਸੁਰਨੇ ਆਪਣੇ ਪੁਤ ਜਿਸਨੂ
ਉਠਾਇਕੇ ਪਹਲੇ ਤੁਸਾਡੇ ਪਾਸ ਘਲਿਆਹੈ ।—

ਪਰਬ ੪

ਸੋ ਲੋਕਾਂਦੇ ਪਾਸ ਆਖਦੇਹੋਏ ਜਾਜਕ ਅਤੇ ਮੰਦਿਰਦਾ
ਮਾਲਕ ਅਤੇ ਸਾਦੂਕੀ ਤਿਨਾਦਿਆਂ ਲੋਕਾਂਨੂ ਉਪਦੇਸਣੇਤੇ
ਅਤੇ ਜਿਸੂ ਕਰਕੇ ਫੇਰ ਉਠਣਾ ਪੁਕਾਰਣੇਤੇ ਦੁਖੀ ਹੋਇਕੇ ਤਿਨਾ
੩ ਦੇ ਪਾਸ ਆਏ । ਅਤੇ ਤਿਨਾਨੂ ਹਥਾਂਤੇ ਪਕੜਕੇ ਦੂਜੇ ਦਿਹ
੪ ਤੀਕੁਰ ਕੈਦ ਕੀਤਾ ਕਿੰਉਕੇ ਤਦੋਂ ਆਥਣ ਹੋਇਆਸੀ । ਪਰੂ
ਜਿਨਾਨੇ ਏਹੁ ਗਲ ਸੁਣੀਸੀ ਤਿਨਾਵਿਚਤੇ ਅਨੇਕ ਮਨੁਖ ਪਤੀ
ਜੇ ਹੈਸਨ ਅਤੇ ਤਿਨਾਮਨੁਖਾਦੀ ਗਿਣਤੀ ਹਜਾਰ ਪੰਜਕ ਸੀ ।
੫ ਦੂਜੇ ਦਿਹ ਪੈਂਚ ਅਤੇ ਪੁਰਾਤਨ ਅਤੇ ਪਾਧੇ ਅਤੇ ਖੰਨ ਪ੍ਰਧਾ
੬ ਨ ਜਾਜਕ ਅਤੇ ਕਾਯਾਫਾ ਅਤੇ ਯੋਹਨ ਅਤੇ ਆਲੇਕਸਾਂਦਰ
ਅਤੇ ਪ੍ਰਧਾਨ ਜਾਜਕਦੇ ਜਿਤਨੇ ਸਨਬੰਧੀ ਮਨੁਖ ਜੇਹੜੇ ਸਭ
੭ ਜਿਰੋਸਲਮਵਿਚ ਏਕਠੇ ਹੋਏ । ਉਪਰੰਦ ਤਿਨਾਨੂ ਵਿਚਾਲੇ
ਖੜਾ ਕਰਾਇਕੇ ਤਿਨਾਨੇ ਪੁਛਿਆ ਤੁਸਾਨੇ ਕਿਸਕਰਾਮਾਤਤੇ
੮ ਅਕੇ ਕਿਸਨਾਮਤੇ ਏਹੁ ਕੀਤਾਹੈ । ਤਦੋਂ ਪਿਤਰ ਪਰਮਆ
ਤਮਾਤੇ ਪੂਰਣ ਹੋਇਕੇ ਤਿਨਾਨੂ ਕੂਇਆ ਜੋ ਹੇ ਲੋਕਾਂਦਿਓ
੯ ਸਿਰਦਾਰੋਂ ਅਤੇ ਜਿਸਰਾਏਲਦਿਓ ਪੁਰਾਤਨੋ ਤਿਸਰੋਗੀ ਮਨੁਖ
ਤਾਂਈ ਜੋ ਹਛਾ ਕੰਮ ਕੀਤਾਹੈ ਤਿਹਨੇ ਕੈਸੇ ਸਹਾਰਾ ਪਾਇਆ
੧੦ ਇਸਵਿਖੇ ਜੇ ਅਜੁ ਅਸੀ ਵਿਚਾਰੀਆਂ । ਤਾਂ ਤੁਸੀ ਏਹੁ



ਸਮਝਹੁ ਅਤੇ ਜਿਸਰਾਏਲ ਸਭ ਲੋਕਭੀ ਸਮਝਣ ਜੋ ਜਿਸਜਿ
ਸੂਖ੍ਰੀਸਟ ਨਾਜਰੇਣਨੂ ਤੁਸਾਨੇ ਕਰੂਸ ਉਤੇ ਮਾਰਿਆਹੈ ਅਤੇ
ਜਿਹਨੂ ਪਰਮੇਸੁਰਨੇ ਮਉਤਤੇ ਉਠਾਇਆਹੈ ਤਿਹਦੇ ਨਾਮਤੇ
ਅਰਥ ਏਹੁ ਤਿਸਦੁਸੀਲੇਤੇ ਏਹੁ ਮਨੁਖ ਤੁਸਾਡੇ ਸਾਮਣੇ ਨਰੋ
੧੧ ਜਾ ਹੋਇਕੇ ਖੜਾਹੈ । ਤੁਸਾ ਰਾਜਾਨੇ ਸਹਲ ਕੀਤਾ ਪਥਰ
੧੨ ਏਹੁ ਹੈ ਜੋ ਜੇਹੜਾ ਕੋਣੇਦਾ ਮੁਨੇਰਾ ਕੀਤਾਹੈ । ਅਤੇ
ਹੋਰ ਕਿਸੀਤੇ ਉਧਾਰ ਨਾਹੀ ਹੈ ਕਿੰਉਕੇ ਸੁਰਗਦਿਆਂ ਨੀਚ
ਲਿਆ ਅਤੇ ਮਨੁਖਾਵਿਚ ਜਿਸਤੇ ਅਸਾਡਾ ਉਧਾਰ ਹੋਵੇ ਅਜੇ
੧੩ ਹਾ ਹੋਰ ਕੋਈ ਨਾਮ ਨਾਹੀ ਦਿਤਾਹੈ । ਤਿਨਾਨੇ ਪਿਤਰ
ਅਤੇ ਯੋਹਨਦਾ ਨਿਤਰਪਣਾ ਵੇਖਕੇ ਅਤੇ ਓਹ ਜੋ ਮੂਰਖ ਅਤੇ
ਅਪੜੇ ਮਨੁਖ ਏਹੁ ਸਮਝਕੇ ਅਚਰਜ ਜਾਣਿਆ ਅਤੇ ਜਾ
੧੪ ਣਿਆ ਜੋ ਓਹੁ ਜਿਸੂਦੇ ਸੰਗ ਸੈਨ । ਉਪਰੰਦ ਤਿਨਾਦੇ
ਵਿਚਕਾਰ ਤਿਸਚੰਗੇਹੋਏ ਮਨੁਖਨੂ ਖੜੋਤਾ ਵੇਖਕੇ ਸੋ ਕਿਛੁ ਦੂਸ
੧੫ ਮਨੀ ਆਖਣੇ ਨਾਹੀ ਹੰਘੇ । ਹੋਰਕੀ ਤਿਨਾਨੂ ਸਭਾਤੇ
ਬਾਹਿਰ ਜਾਣੇਨੂ ਆਖਕੇ ਤਿਨਾਨੇ ਆਪਸਵਿਚ ਮਤਾ ਕਰਕੇ
੧੬ ਆਖਿਆ । ਜੋ ਅਸੀ ਏਨਾਮਨੁਖਾਨੂ ਕੀ ਕਰਾਂਗੇ ਕਿੰਉਕੇ ਜਿਰੋ
ਸਲਮਦਿਆਂ ਵਸਕੀਣਾਨੇ ਦਿਠਾਹੈ ਜੋ ਤਿਨਾਕਰਕੇ ਕਰਾਮਾਤ
ਕੰਮ ਕੀਤਾਗਇਆਹੈ ਤਿਸਨੂ ਅਸੀਭੀ ਮੁਕਰਣੇ ਨਾਹੀ ਹੰਘਦੇ
੧੭ ਹਾਂਗੇ । ਹੋਰਕੀ ਤਿਸਨੂ ਲੋਕਾਂਵਿਚ ਨਾਹੀ ਪਸਰਣੇ ਲਈਂ
ਅਸੀ ਦੰਡ ਦੇਵਣੇਦੀ ਪਕੀ ਸਹੁੰ ਕਰਕੇ ਮਨੇ ਕਰਹੀ ਜੋ ਅਜੋ ਅਗੇ
੧੮ ਏਸਨਾਮ ਕਰਕੇ ਕਿਸੀਨੂ ਆਖਹੁੰਗੇ । ਉਪਰੰਦ ਤਿਨਾਨੂ
ਸਦਕੇ ਤਿਨਾਨੇ ਜਿਸੂਦੇ ਨਾਮਤੇ ਕਿਛੁ ਆਖਣੇਨੂ ਅਤੇ ਉਪਦੇ
੧੯ ਸਣੇਨੂ ਮਨੇ ਕੀਤਾ । ਹੋਰਕੀ ਪਿਤਰ ਅਤੇ ਯੋਹਨ ਜਵਾਬ
ਦੇਕੇ ਤਿਨਾਨੂ ਬੋਲਿਆ ਪਰਮੇਸੁਰਦੇ ਹੁਕਮਤੇ ਤੁਸਾਡਾ ਹੁਕਮ
ਸੁਣਨਾ ਪਰਮੇਸੁਰਦੀ ਨਿਗਾ ਅੰਦਰ ਭਲਾ ਹੈ ਅਕੇ ਨਾਹੀ ਹੈ
੨੦ ਏਹੁ ਤੁਸੀ ਵਿਚਾਰ ਕਰਹੁ । ਕਿੰਉਕੇ ਅਸਾਨੇ ਜੋ ਦਿਠਾਹੈ
ਅਤੇ ਸੁਣਿਆਹੈ ਤਿਸਨੂ ਨਾਹੀ ਆਖਣਾ ਅਸੀ ਨਾਹੀ ਕਰਦੇ

੨੧ ਹੈਂਘਦੇਹਾਂਗੇ। ਜਿਸਮਨੁਖਤਾਂਈ ਚੰਗਾ ਕਰਲੇਦਾ ਅਚਰਜ
ਕੰਮ ਕੀਤਾਸੀ ਤਿਸਮਨੁਖਦੀ ਉਮਰ ਚਾਲੀਆ ਵਰਸਾਂਤੇ ਵਧੀਕ
੨੨ ਹੈਸੀ। ਏਸਨਿਮਿਤ ਲੋਕਾਂਵਾਸਤੇ ਤਿਨਾਤਾਂਈ ਦੰਡ ਦੇਣੇ
ਲਈਂ ਕਿਛੁ ਨਾਹੀ ਲਭਕੇ ਤਿਨਾਨੇ ਤਿਨਾਤਾਂਈ ਦੰਡ ਦੇਕੈ ਅਤੇ
ਸਹੁ ਕਰਕੈ ਛਡਿਆ ਕਿੰਉਕੇ ਜੋ ਕੰਮ ਕੀਤਾਹੈਸੀ ਤਿਸਤੇ ਸਭਨਾ
ਮਨੁਖਾਨੇ ਪਰਮੇਸੁਰਦੀ ਮਹਿਮਾ ਪ੍ਰਗਟਾਈ।
੨੩ ਸੋ ਛੁਟਕੇ ਆਪਣਿਆਂ ਮਿਲਾਪੀਆ ਮਨੁਖਾ ਪਾਸ ਗਏ
ਅਤੇ ਪ੍ਰਧਾਨ ਜਾਜਕਾਂਨੇ ਅਤੇ ਪੁਰਾਤਨਾ ਲੋਕਾਂਨੇ ਤਿਨਾਨੂ ਜੋ
੨੪ ਆਖਿਆਸੀ ਸੋ ਬੋਲੇ। ਸੋ ਤਿਨਾਨੂ ਸੁਣਕੇ ਏਕ ਮਨ ਹੋਇਕੇ
ਪਰਮੇਸੁਰਦੇ ਪਾਸ ਉਚੇ ਕਰਕੇ ਬੋਲੇ ਜੋ ਹੇ ਪ੍ਰਭੁ ਤੂੰ ਪਰਮੇਸੁਰ ਹੈਂ
ਜੋ ਜਿਸਨੇ ਸੁਰਗ ਅਤੇ ਧਰਤੀ ਅਤੇ ਸਮੁੰਦ ਅਤੇ ਤਿਨਾਵਿਚ
੨੫ ਜਿਤਨੇ ਹੈਨ ਤਿਨਾਸਭਨਾਨੂ ਉਪਜਾਇਆਹੈ। ਅਤੇ
ਜਿਹਨੇ ਆਪਣੇ ਸੇਵਕ ਦਾਊਦਦੀ ਜਬਾਨਤੇ ਏਹ ਗਲ ਆਖੀ
ਹੈ ਜੋ ਜਾਤਾਂ ਕਿਸਵਾਸਤੇ ਗੁਸੇ ਹੋਈਆਂਹੈਨ ਅਤੇ ਲੋਕ ਕਿਸ
੨੬ ਲਈਂ ਬ੍ਰਿਥਾ ਚਿੰਤਾ ਕਰਦੇਹੈਨ। ਸੰਸਾਰਦੇ ਰਾਜੇ ਖੜੇ ਹੋਏ
ਹੈਨ ਅਤੇ ਸਿਰਦਾਰ ਜਿਹੁਵਾਦੀ ਅਤੇ ਤਿਸਕਰਕੇ ਟਿਕੇ ਹੋਏਦੀ
੨੭ ਦੁਸਮਣੀਵਿਚ ਏਕਸਲਾਹਵਾਰ ਹੋਏ। ਕਿੰਉਕੇ ਏਹੁ ਠੀਕ
ਹੈ ਜੋ ਤੇਰਾ ਧਰਮੀ ਲੜਕਾ ਜਿਸੁ ਜੋ ਜਿਹਨੂ ਤੁਧਨੇ ਟਿਕਿਆਹੈ
ਤਿਸਦੀ ਦੁਸਮਣੀਵਿਚ ਤੁਸਾਡਾ ਹਥ ਅਤੇ ਤੁਸਾਡੀ ਪਕੀ
੨੮ ਜੋ ਹੋਣਹਾਰ ਤਰਾਂ ਅਗੇ ਠੀਕ ਕੀਤੀਸੀ ਤਿਸਕੰਮ ਕਰਲੈਨੂ
ਹੇਰੋਦ ਅਤੇ ਪੰਤਿਜਸ ਪੀਲਾਤ ਅਤੇ ਹੋਰ ਦੇਸਦੇ ਮਨੁਖ ਅਤੇ
੨੯ ਜਿਸਰਾਏਲੀਜ ਮਨੁਖ ਏਕਠੇ ਹੋਏ। ਹੁਣ ਹੇ ਜਿਹੁਵ
ਤਿਨਾਦਾ ਧ੍ਰਮ ਵੇਖਹੁ ਅਤੇ ਚੰਗਾ ਕਰਲੈਨੂ ਆਪਣੇ ਹਥਦੇ
ਵਧਾਵਣੇਤੇ ਅਰੁ ਪਤਾ ਅਤੇ ਅਚਰਜ ਕੰਮ ਤੇਰੇ ਧਰਮੀ ਪੁਤ
ਜਿਸੁਦੇ ਨਾਮ ਕਰਕੇ ਕਰਣੇਤੇ ਆਪਣਿਆਂ ਚਾਕਰਾਂਨੂ ਨਿਡਰ
੩੦ ਹੋਇਕੇ ਗਲਾਂ ਆਖਣੇ ਦੇਹਿ। ਤਿਨਾਦੀ ਬੇਨਤੀ ਕਰਣੇ
ਸਮੇ ਤਿਨਾਦੀ ਮਜਲਸਦੀ ਜਾਗਾ ਹਲਾਈ ਗਈ ਅਤੇ ਸੋ ਸਭ



ਧਰਮਆਤਮਾਤੇ ਪੂਰਣ ਹੋਇਕੇ ਪਰਮੇਸੁਰਦੀ ਗਲਨੂ ਨਿਸੰਗ
੩੧ ਬੋਲੇ। ਜਿਨਾਨੇ ਵਿਸਾਹੁ ਕੀਤਾ ਤਿਨਾਦਾ ਜਣਾ ਏਕ
੩੨ ਮਨ ਅਤੇ ਏਕ ਪ੍ਰਾਣ ਹੈਸੀ ਅਤੇ ਕਿਸੀਨੇਭੀ ਆਪਣੇ ਧਨਨੂ
ਆਪਣਾ ਨਾਹੀ ਆਖਿਆ ਕਿੰਉਕੇ ਸਭ ਚੋਕਵਿਚ ਸਭ ਏਕ
੩੩ ਸਾਰਖੇ ਹੋਏ। ਅਤੇ ਘਲਿਆਂਨੇ ਵਡੇ ਜੋਰਤੇ ਪ੍ਰਭੁ ਜਿਸੁ
ਖ੍ਰੀਸਟਦੇ ਫੇਰ ਉਠਣੇਦੀ ਸਾਹਦੀ ਦਿਤੀ ਅਤੇ ਸਭਨਾਦੇ ਉਤੇ
੩੪ ਵਡੀ ਦਯਾ ਹੋਈ। ਤਿਨਾਵਿਚਤੇ ਕੋਈਭੀ ਸਖਣਾ ਨਾਹੀ
ਹੈਸੀ ਕਿੰਉਕੇ ਜਿਨਾਦੀ ਭੁੰਇਵਿਚ ਅਤੇ ਘਰਾਵਿਚ ਮਾਲਕੀ
੩੫ ਹੈਸੀ ਤਿਨਾਨੇ ਤਿਸਨੂ ਵੇਚਕੇ ਤਿਨਾਮੁਲਾਨੂ ਘਲਿਆਂਦਿਆਂ
ਪੈਰਾਪਾਸ ਧਰਿਆ ਉਪਰੰਦ ਸਭ ਕਿਸੀ ਲੋਕਨੇ ਸਭ ਕਿਸੀ
੩੬ ਜਣੇਦੇ ਪ੍ਰਯੋਜਨ ਅਨੁਸਾਰ ਹਿਸਾ ਕਰਕੈ ਦਿਤਾ। ਅਤੇ
ਜੋਸਿਸ ਜੋ ਜਿਹਨੂ ਘਲਿਆਨੇ ਬਾਰਣਬਾਸ ਕਰਕੈ ਆਖਿਆ
੩੭ ਅਰਥ ਏਹੁ ਸਾਂਤਿਦਾ ਪੁਤ ਕਪ੍ਰੁਸਮਲਕੀ ਏਕ ਲੇਵ। ਤਿਸਨੇ
ਆਪਣੀ ਮਾਲਕੀਦੀ ਭੁਇ ਵੇਚੀ ਅਤੇ ਤਿਸਮੁਲਨੂ ਲੈਆਇਕੇ
ਘਲਿਆਂਦਿਆਂ ਚਰਣਾਦੇ ਪਾਸ ਧਰਿਆ।

ਪਰਬ ੫ ਹੋਰਕੀ ਖਨਨੀਯਾਹ ਨਾਮਵਾਲੇ ਜਣੇਨੇ ਆਪਣੀ ਤੀਵੀਂ ਸਫੀ
ਰਾਂਨਾਲ ਮਿਲਕੇ ਆਪਣੀ ਮਾਲਕੀਨੂ ਵੇਚਿਆਹੈਸੀ। ਅਤੇ
ਆਪਣੀ ਤੀਵੀਂਦੇ ਜਾਣਦਿਆਂ ਹੋਇਆਭੀ ਤਿਸਦਾ ਕਿਛੁ ਮੁਲ
ਲੁਕਾਇ ਰਖਿਆ ਉਪਰੰਦ ਤਿਸਦੇ ਕੁਛ ਮੁਲਨੂ ਲੈਆਇਕੇ ਘ
੩ ਲਿਆਂਦਿਆਂ ਚਰਣਾਪਾਸ ਧਰਿਆ। ਤਿਸਤੇ ਪਿਤਰਨੇ
ਆਖਿਆ ਜੋ ਹੇ ਖਨਨੀਯਾਹ ਧਰਮਆਤਮਾਨੂ ਕੂੜੀ ਗਲ ਆ
ਖਣੇ ਲਈਂ ਭੁੰਇਦਾ ਕਿਛੁ ਮੁਲ ਲੁਕਾਇ ਰਖਣੇ ਵਾਸਤੇ ਸਜਤਾ
੪ ਨਨੇ ਤੇਰਾ ਮਨ ਕਿਸਵਾਸਤੇ ਪੂਰਿਆ। ਸੋ ਮਾਲਕੀ ਜਦੋਂ ਹੈਸੀ
ਤਦੋਂ ਸੋ ਕੀ ਤੇਰੀ ਆਪਣੀ ਨਾਹੀ ਹੈਸੀ ਅਤੇ ਵੇਚੇ ਉਪਰੰਦ
ਸੋ ਮੁਲ ਕੀ ਤੇਰੇ ਅਧੀਨ ਨਾਹੀ ਹੈਸੀ ਤਾਂ ਕਿਸਲਈਂ ਮਨ
ਅੰਦਰ ਏਹੁ ਵਿਚਾਰਿਆਂ ਤੁਧਨੇ ਮਨੁਖਾਪਾਸ ਕੂੜੀ ਗਲ ਨਾਹੀ

੫ ਆਖੀ ਹੋਰਕੀ ਪਰਮੇਸੁਰਦੇ ਪਾਸ । ਘਨਨੀਜਾਹਨੇ ਏਹੁ
ਗਲ ਸੁਣਕੇ ਡਿਗ ਕਰਕੈ ਪ੍ਰਾਣ ਤਜੇ ਤਿਸਤੇ ਜਿਤਨਿਆਂ ਮਨੁ
ਖਾਨੇ ਇਹ ਸੁਣੀ ਤਿਨਾਸਭਨਾਤਾਂਈ ਵਡਾ ਡਰ ਹੋਇਆ ।
੬ ਅਤੇ ਗਭਰੂਆਂਨੇ ਉਠਕੇ ਤਿਸਨੂ ਲੀੜ੍ਹੇਨਾਲ ਲਪੇਟਕੇ ਬਾਹਿਰ
੭ ਲੈਜਾਇਕੇ ਗੋਰਵਿਚ ਸਵਾਂਇਆ । ਘੜੀਆਂ ਤਿਹੁਕ ਪਿਛੋਂ
੮ ਤਿਹਦੀ ਤੀਵੀਂ ਏਹੁ ਸਭ ਨਾਹੀ ਜਾਨਕੇ ਅੰਦਰ ਆਈ। ਤਿਸ
ਵਾਸਤੇ ਪਿਤਰਨੇ ਤਿਸਨੂ ਜਵਾਬ ਦਿਤਾ ਜੋ ਮੈਨੂ ਆਖੁ ਤੁਸਾਨੇ
ਕੀ ਏਹੀ ਮੁਲਕਰਕੈ ਭੁਇ ਵੇਚੀ ਹੈ ਸੋ ਤਿਹਨੂ ਕੂਈ ਜੋ ਸਚੁ
੯ ਏਹੀ ਮੁਲਕਰਕੇ । ਪਿਤਰ ਤਿਸਨੂ ਬੋਲਿਆ ਏਹੁ ਕੀ ਜੋ
ਤੁਸਾਨੇ ਜਿਹੁਹਦੇ ਆਤਮਾਨੂ ਪਰਿਖਣੇ ਲਈਂ ਮਨ ਮਿਲਾਇ
ਆਹੈ ਵੇਖੁ ਜਿਨਾਨੇ ਤੇਰੇ ਖਸਮਨੂ ਗੋਰਵਿਚ ਸਵਾਂਇਆਹੈ
੧੦ ਤਿਨਾਦੇ ਪੈਰ ਦਰਵਾਜੇ ਪਾਸ ਹੈਨ ਸੋ ਤੁਹਨੂਭੀ ਲੈਜਾਵਣਗੇ ।
ਤਿਸਤੇ ਤੁਰਤਹੀ ਤਿਸਦਿਆਂ ਪੈਰਾਪਾਸ ਤਿਸਨੇ ਡਿਗਕੇ ਜੀਵ
ਤਜਿਆ ਅਤੇ ਗਭਰੂਆਂ ਮਨੁਖਾਨੇ ਤਿਥੇ ਵੜਕੈ ਤਿਹਨੂ ਮੁਈ
ਡਿਠਾ ਉਪਰੰਦ ਤਿਸਨੂ ਚਕਕੇ ਤਿਸਦੇ ਖਸਮਦੇ ਪਾਸ ਗੋਰਵਿਚ
੧੧ ਸਵਾਂਇਆ । ਇਸਤੇ ਸਭ ਮੰਡਲੀਤਾਂਈ ਅਤੇ ਹੋਰਨਾ
ਜਿਨਾਮਨੁਖਾਨੇ ਏਹੁ ਹਕੀਕਤ ਸੁਣੀ ਤਿਨਾਸਭਨਾਤਾਂਈ ਵਡਾ ਡਰੁ
੧੨ ਹੋਇਆ । ਘਲਿਆਂਦਿਆਂ ਹਥਾਂਕਰਕੈ ਲੋਕਾਂਵਿਚ ਬਹੁਤ
ਪਤੇ ਅਤੇ ਅਚਰਜ ਕੰਮ ਕੀਤੇ ਗਏ ਸੋ ਸਭ ਏਕਦਿਲ ਹੋਇਕੇ
੧੩ ਸਲਮਨਦੇ ਦਹਦਹਲਾਨਵਿਚ ਰਹੇ । ਹੋਰਨਾ ਹੋਰਨਾ ਮਨੁਖਾ
ਵਿਚ ਕੋਈਭੀ ਹਿਮਤੀ ਨਾਹੀ ਸੀ ਜੋ ਤਿਨਾਦੇ ਨਾਲ ਮਿਲੇ ਹੋਰ
੧੪ ਕੀ ਮਨੁਖਾਨੇ ਤਿਨਾਦੀ ਮਹਿਮਾ ਕੀਤੀ। ਅਤੇ ਤੀਵੀਂਆਂ ਅਤੇ
ਮਰਦਾਵਿਚਤੇ ਅਨੇਕ ਸਰਨਾਗਤ ਪ੍ਰਭੁਦੇ ਸੰਗੀ ਕੀਤੇਸੈਨ ਤਿਸ
ਤੇ ਤਿਨਾਨੇ ਰੋਗੀਆਂਨੂ ਮੰਜੀਆਂਵਿਚ ਅਤੇ ਵਿਛਾਵਣਿਆਂਵਿਚ
੧੫ ਸਵਾਂਇਕੇ ਰਾਹਵਿਚ ਆਣ ਰਖਿਆ ਜੋ ਪਿਤਰ ਤਿਸਰਸਤੇ
ਕਰਕੈ ਜਾਂਦਾਹੈ ਤਿਸਦਾ ਪਰਛਾਂਵਾ ਤਿਨਾਵਿਚਤੇ ਕਿਸੀ ਉਤੇ
੧੬ ਪਵੇ। ਚਉਗਿਰਦਿਆਂ ਸਹਰਾਂਤੇ ਵਡਾ ਮਹਾਇਲ ਰੋਗੀਆਂ



ਨੂ ਅਤੇ ਅਪਵਿਤ੍ਰ ਆਤਮਾ ਲਗਿਆਂਨੂ ਆਪਣੇ ਨਾਲ ਲੈਕੇ
ਜਿਰੋਸਲਮਵਿਚ ਆਇਆ ਤਿਸਤੇ ਸੋ ਸਭ ਚੰਗੇ ਕੀਤੇਸੈਨ ।
੧੭ ਉਪਰੰਦ ਪ੍ਰਧਾਨ ਜਾਜਕ ਅਤੇ ਤਿਸਦੇ ਸੰਗੀ ਸਾਦੂਕੀਆਂਦੇ
੧੮ ਦੀਨੀ ਲੋਕ ਗੁਸੇਨਾਲ ਭਰੇ ਹੋਏ ਉਠੇ ਅਤੇ ਘਲਿਆਂਨੂ ਫੜਕੇ
੧੯ ਕਮੀਨ ਲੋਕਾਂਦੇ ਬੰਦੀਖਾਨੇਵਿਚ ਰਖਿਆ । ਹੋਰਕੀ ਰਾ
ਤਿਨੂ ਜਿਹੁਹਦੇ ਦੂਤਨੇ ਬੰਦੀਖਾਨੇਦਾ ਦਰਵਾਜਾ ਖੋਲਿਆ ਅਤੇ
੨੦ ਤਿਨਾਨੂ ਨਿਕਾਲਕੇ ਆਖਿਆ । ਤੁਸੀ ਜਾਵਹੁ ਅਤੇ ਮੰਦਿ
ਰਵਿਚ ਖੜੇ ਹੋਇਕੇ ਏਹ ਸਭ ਜੀਵਣੇਦੀਆਂ ਗਲਾ ਲੋਕਾਂਦੇ
੨੧ ਪਾਸ ਆਖਹੁ । ਤਿਨਾਨੇ ਸੋ ਗਲ ਸੁਣਕੇ ਫਜਾਂਖੇ ਮੰਦਿਰ
ਵਿਚ ਵੜਕੇ ਉਪਦੇਸਿਆ ਤਦੋਂ ਪ੍ਰਧਾਨ ਜਾਜਕਾਂਨੇ ਅਤੇ ਤਿਨਾ
ਦਿਆਂ ਸੰਗੀਆਂ ਲੋਕਾਂਨੇ ਹੋਰਨਾ ਪੈਂਚਾਨੂ ਅਤੇ ਜਿਸਰਾਏਲ
ਦਿਆਂ ਪੁਤਾਦਿਆਂ ਸੰਗੀਆਂਨੂ ਏਕਠੇ ਸਦਕੇ ਬੰਦੀਖਾਨੇਵਿਚ
੨੨ ਤਿਨਾਨੂ ਲੈਆਵਣੇ ਵਾਸਤੇ ਘਲਿਆਂ । ਕੁਤਵਾਲਾਨੇ ਜਾਇਕੇ
੨੩ ਬੰਦੀਖਾਨੇਵਿਚ ਤਿਨਾਨੂ ਨਾਹੀ ਲਭਿਆ ਏਸਨਿਮਿਤ ਤਿਨਾਨੇ
ਫਿਰ ਆਇਕੇ ਏਹੁ ਗਲ ਬੋਲਕੇ ਖਬਰ ਦਿਤੀ ਜੋ ਅਸਾਨੇ ਬੰਦੀ
ਖਾਨਾ ਬਹੁਤ ਹਛੀਤਰਾਂ ਬੰਦ ਡਿਠਾ ਅਤੇ ਪਹਰੇਦਾਰਾਂਨੂ ਦਰ
ਵਾਜੇਦੇ ਸਾਮਣੇ ਖੜੇਭੀ ਡਿਠਾ ਪਰੁ ਦਰਵਾਜੇਨੂ ਖੋਲਕੇ ਅੰਦਰ
੨੪ ਕਿਸੀਦਾ ਥਹੁ ਨਾਹੀ ਪਾਇਆ । ਪ੍ਰਧਾਨ ਜਾਜਕਨੇ ਅਤੇ
ਮੰਦਿਰਦਿਆਂ ਮਾਲਕਾਂਨੇ ਅਤੇ ਪ੍ਰਧਾਨ ਜਾਜਕਾਂਨੇ ਏਹ ਗਲ
੨੫ ਸੁਣਕੇ ਵਡੀ ਚਿੰਤਾ ਕੀਤਾ ਜੋ ਏਸਦਾ ਕੀ ਹੋਵੇਗਾ । ਤਦੋਂ
ਏਕ ਜਣੇਨੇ ਆਇਕੇ ਅਤੇ ਏਹ ਗਲ ਆਖਕੇ ਖਬਰ ਦਿਤੀ
ਜੋ ਵੇਖਹੁ ਜਿਨਾਨੂ ਤੁਸਾਨੇ ਬੰਦ ਕੀਤਾਸੀ ਸੋ ਮੰਦਿਰਵਿਚ ਖੜੇ
੨੬ ਹੈਨ ਅਤੇ ਲੋਕਾਂਨੂ ਉਪਦੇਸਦੇਹੈਨ । ਤਦੋਂ ਹੋਕਦਾ ਸਿਰ
ਦਾਰ ਅਤੇ ਕੁਤਵਾਲ ਗਇਆ ਅਤੇ ਜੋਰ ਬਿਨਾ ਤਿਨਾਨੂ ਲੈਆ
ਇਆ ਕਿਉਕਿ ਸੋ ਡਰੇ ਜੋ ਮਨੁਖ ਤਿਨਾਤਾਂਈ ਪਥਰ ਵਗਾਹਕੇ
੨੭ ਮਾਰਣਗੇ । ਤਿਨਾਨੇ ਤਿਨਾਨੂ ਆਣਕੇ ਪੈਂਚਾਇਤਵਿਚ ਖੈਣਾ
ਇਆ ਉਪਰੰਦ ਪ੍ਰਧਾਨ ਜਾਜਕਨੇ ਤਿਨਾਨੂ ਪੁਛਕੇ ਆਖਿਆ ।

੨੮ ਜੋ ਅਸਾਨੇ ਏਸਨਾਮਕਰਕੇ ਉਪਦੇਸਣਾ ਕੋ ਤੁਸਾਨੂੰ ਠੀਕ ਮਨੇ
ਨਾਹੀ ਕੀਤਾਹੈ ਪਰੁ ਵੇਖਹੁ ਤੁਸਾਨੇ ਜਿਰੋਸਲਮਨੂੰ ਆਪਣੇ ਉਪ
ਦੇਸਕਰਕੇ ਭਰਪੂਰ ਕੀਤਾਹੈ ਅਤੇ ਏਸਮਨੁਖਦਾ ਖੂਨ ਅਸਾਡੇ
੨੯ ਉਤੇ ਆਵਣੇ ਚਾਹੰਦਾਹੈ ਤਦੋਂ ਪਿਤਰ ਅਤੇ ਘਲੇ ਜਵਾਬ ਦੇਕੈ
ਬੋਲੇ ਜੋ ਮਨੁਖਾਤੇ ਪਰਮੇਸੁਰਨੂੰ ਵਧੀਕ ਮਨਣਾ ਅਸਾਨੂੰ ਜੋਗ
੩੦ ਹੈ । ਅਸਾਡਿਆਂ ਵਡਿਆਂਦੇ ਪਰਮੇਸੁਰਨੇ ਜਿਸੂਨੂੰ ਜੀਵਾ
ਇਆਹੈ ਜੋ ਜਿਹਨੂੰ ਤੁਸਾਨੇ ਰੁਖ ਉਪਰਿ ਟੰਗਕੇ ਮਾਰਸਿਟਿਆ
੩੧ ਹੈ ਅਤੇ ਆਪਣੀ ਸਜੀ ਵਲ ਉਚਾ ਪਾਵਾ ਦੇਕੇ ਜਿਸਰਾਈਲਨੂੰ
ਦਿਲਫੇਰਣਾ ਅਤੇ ਪਾਪ ਛਡ ਦੇਣੇ ਵਾਸਤੇ ਤਿਹਨੂੰ ਰਾਜਾ
੩੨ ਅਤੇ ਉਧਾਰ ਕਰਣੇਹਾਰਾ ਕੀਤਾਹੈ । ਅਸੀ ਤਿਸਦੀ ਵਲ
ਦਿਆਂ ਏਨਾਕੰਮਾਦੇ ਸਾਹਦ ਹਾਂਗੇ ਅਤੇ ਪਰਮਆਤਮਾਭੀ ਸਾਹ
ਦ ਹੈ ਜੋ ਜਿਸਨੂੰ ਪਰਮੇਸੁਰਨੇ ਆਪਣਿਆਂ ਅਧੀਨਾਤਾਂਈ ਦਿ
੩੩ ਤਾਹੈ । ਸੋ ਏਹ ਗਲ ਸੁਣਕੇ ਦਿਲਗੀਰ ਸੈਨ ਅਤੇ ਤਿਨਾਨੂੰ
੩੪ ਮਾਰਣੇਦੀ ਸਲਾਹ ਕੀਤੀ ਤਦੋਂ ਕਿਤਾਬ ਪੜ੍ਹਾਵਣੇਹਾਰਾ ਅਤੇ
ਲੋਕਾਂਕਰਕੇ ਪ੍ਰਮਨਿਆ ਗਮਾਲਿਏਲ ਨਾਮ ਏਕ ਲੋਕ ਫਰਿ
ਸੀ ਸਭਾਵਿਚ ਉਠਕੇ ਘਲਿਆਂਨੂੰ ਥੋੜ੍ਹੇ ਚਿਰ ਬਾਹਿਰ ਘਲਣੇਨੂੰ
੩੫ ਹੁਕਮ ਦਿਤਾ । ਅਤੇ ਤਿਸਨੇ ਤਿਨਾਨੂੰ ਆਖਿਆ ਜੋ ਹੇ
ਜਿਸਰਾਈਲੀਓ ਮਨੁਖੋ ਏਨਾਲੋਕਾਂਨੂੰ ਜੋ ਤੁਸੀ ਕੀਤਾ ਲੋੜਦੇ
੩੬ ਹੋਹੁੰਗੇ ਤਿਸਤੇ ਸਾਵਧਾਨ ਹੋਵਹੁ । ਕਿਉਕੇ ਏਸਸਮੇਂਤੇ ਪ
ਹਲੇ ਥੂਦਾ ਨਾਮ ਏਕ ਜਣਾ ਆਪਨੂੰ ਕੋਈ ਵਡਾ ਮਨੁਖ ਬੋਲਕੇ
ਉਠਿਆ ਅਤੇ ਤਿਸਦੀ ਓੜ੍ਹ ਸਇਚਾਰਕ ਮਨੁਖ ਮਿਲੇ ਅਤੇ
ਸੋ ਮਾਰਿਆ ਪਇਆ ਅਤੇ ਤਿਸਨੂੰ ਪਤੀਜਣੇਹਾਰੇ ਜਿਤਨੇ
੩੭ ਸੈਨ ਸੋ ਸਭ ਖਿੰਡ ਗਏ ਅਤੇ ਨਿਥਾਂਉ ਹੋਏ ਤਿਸਮਨੁਖਦੇ ਉਪ
ਰੰਦ ਗਿਣਤੀ ਲਿਖਣੇ ਸਮੇ ਗਲਿਲਿਦਾ ਜਿਹੂਦਾਹ ਉਠਿਆ ਅਤੇ
ਆਪਣੀ ਵਲ ਘਣਿਆਂ ਲੋਕਾਂਨੂੰ ਖਿੰਜਿਆ ਸੋਭੀ ਮਾਰਿਆ ਗ
ਇਆ ਅਤੇ ਜਿਤਨਿਆਂ ਮਨੁਖਾ ਤਿਹਨੂੰ ਮੰਨਿਆਸੀ ਸੋ ਸਭ
੩੮ ਖਿੰਡ ਗਏ । ਹੁਣ ਮੈਂ ਤੁਸਾਨੂੰ ਆਖਦਾਹਾਂ ਜੋ ਏਨਾਮਨੁਖਾਨੂੰ



ਛਡਣੇ ਦੇਵਹੁ ਅਤੇ ਤਿਨਾਨੂੰ ਕਿਛੁ ਮਤ ਕਰੀਏ ਕਿਉਕੇ ਏਹ
ਸਲਾਹ ਅਤੇ ਏਹੁ ਕੰਮ ਜੋ ਮਨੁਖਤੇ ਹੋਵੇ ਤਾਂ ਮਿਟ ਜਾਵੇਗਾ ।
੩੯ ਹੋਰਕੀ ਜੇ ਪਰਮੇਸੁਰਤੇ ਹੋਵੇ ਤਾਂ ਤੁਸੀ ਤਿਸਨੂੰ ਜਿਤਣੇ ਨਾਹੀ
ਹੰਘਹੁੰਗੇ ਕੀ ਜਾਣੀਏ ਪਰਮੇਸੁਰ ਨਾਲ ਦਾਵਾਬੰਨਣੇਹਾਰੇਦੀਂਤਰਾਂ
੪੦ ਤੁਸੀ ਪ੍ਰਗਟ ਹੋਵਹੁ । ਤਿਹਦੀ ਗਲ ਤਿਨਾਦੇ ਮਨ ਲਗੀ ਉਪ
ਰੰਦ ਘਲਿਆਂਨੂੰ ਸਦਕੈ ਅਤੇ ਮਾਰਕੇ ਜਿਸੂਦੇ ਨਾਮਕਰਕੈ
ਨਾਹੀ ਆਖਣੇਨੂੰ ਹੁਕਮ ਦਿਤਾ ਅਤੇ ਤਿਨਾਨੂੰ ਛਡ ਦਿਤਾ ।—
੪੧ ਉਪਰੰਦ ਓਹ ਜੋ ਤਿਹਦੇ ਨਾਮਕਰਕੈ ਸਰਮ ਪਾਵਣੇ ਲਾਇ
ਕ ਤਿਥੇ ਆਨੰਦ ਕਰਕੈ ਆਪ ਪੈਂਚਾਇਤਦੇ ਸਾਮਣੇਤੇ ਚਲੇ
੪੨ ਗਏ । ਅਤੇ ਮੰਦਿਰਵਿਚ ਅਤੇ ਘਰੋਘਰ ਤਿਨਾਨੇ ਜਿਸੂਖ੍ਰੀ
ਸਟਦੇ ਵਿਖੈ ਉਪਦੇਸਣਾ ਅਤੇ ਪ੍ਰਕਰਣਾ ਨਾਹੀ ਛਡਿਆ ।
ਪਰਬ ਤਦੋਂ ਮੁਰੀਦਾਂਦੇ ਬਹੁਤ ਵਧਣੇਤੇ ਏਬ੍ਰੀਆਂਦੇ ਸੰਗ ਗ੍ਰੀਕਾਂਦਾ
੬ ਰੋੜਕਾ ਹੋਇਆ ਕਿਉਕੇ ਨਿਤ ਵੰਡਣੇ ਸਮੇ ਤਿਨਾਦੀਆ ਰੰਡੀ
ਆਂ ਰੰਨਾ ਛਡੀਆ ਗਈਆ । ਤਿਸਵਾਸਤੇ ਬਾਰਾਂ ਮੁਰੀ
ਦਾਂਦੇ ਜਥੇਨੂੰ ਸਦਕੇ ਆਖਿਆ ਜੋ ਏਹੁ ਭਲਾ ਨਾਹੀ ਜੋ ਅਸੀ
੩ ਪਰਮੇਸੁਰਦੀ ਗਲ ਛਡਕੇ ਮੰਜੀਦਾ ਕੰਮ ਕਰਹੰ । ਇਸ
ਵਾਸਤੇ ਹੇ ਭਿਰਾਵੋ ਖੁਸਨਾਮੀ ਅਤੇ ਪਰਮਆਤਮਾ ਅਤੇ ਗਿ
ਆਨਕਰਕੈ ਪੂਰਣਾ ਸਤਾ ਮਨੁਖਾਨੂੰ ਆਪਤੇ ਪਸਿੰਦ ਕਰਕੈ
ਲੈਵਾਂ ਜੋ ਜਿਨਾਨੂੰ ਅਸੀ ਇਸਕੰਮਵਿਚ ਪਕੇ ਕਰਣੇ ਹੰਘਾਂ ।
੪ ਪਰੁ ਅਸੀ ਬੇਨਤੀ ਅਤੇ ਗਲ ਪ੍ਰਕਾਰਣੇਦੀ ਟਹਲਵਿਚ ਸਦਾ
੫ ਠਹਰਾਂਗੇ । ਏਹ ਗਲ ਸਭਸਨੂੰ ਸੁਖਦਾਈ ਹੋਈ ਉਪਰੰਦ ਧਰ
ਮਆਤਮਾ ਅਤੇ ਭਗਤਿਤੇ ਪੂਰਣ ਸਤਿਫਾਨਸ ਨਾਮ ਏਕ ਜਣਾ
ਅਤੇ ਫਿਲਿਪ ਅਤੇ ਪ੍ਰਖੋਰਸ ਅਤੇ ਨਿਕਾਨੋਰ ਅਤੇ ਟਿਮੋਨ ਅਤੇ
ਪਰਮੇਨਾ ਅਤੇ ਨਿਕਲਾ ਨਾਮ ਅੰਤਿਓਖਦਾ ਏਕ ਵਿਸਾਹੁਦਾਰ
੬ ਏਨਾਨੂੰ ਤਿਨਾਨੇ ਪਸਿੰਦ ਕੀਤਾ । ਅਤੇ ਘਲਿਆਂਦੇ ਪਾਸ
ਲੇਆਇਕੇ ਤਿਨਾਨੇ ਬੇਨਤੀ ਕਰਕੈ ਤਿਨਾਦੇ ਉਤੇ ਹਥ ਧਰਿ
੭ ਆ । ਅਤੇ ਪਰਮੇਸੁਰਦੀ ਗਲ ਪਸਰੀ ਅਤੇ ਜਿਰੋਸਲ

ਮਵਿਚ ਮੁਰੀਦਾਂਦੀ ਗਿਣਤੀ ਬਹੁਤ ਵਧੀ ਅਤੇ ਬਹੁਤਿਆਂ
੮ ਜਾਜਕਾਂਨੇ ਵਿਸਾਹੁਦੇ ਅਧੀਨ ਹੋਏ । ਅਤੇ ਸਤਿਫਾਨਸਨੇ
ਅਕੀਨ ਅਤੇ ਕਰਾਮਾਤ ਨਾਲ ਪੂਰਣ ਹੋਇਕੇ ਮਨੁਖਾਂਦੇ ਸਾਮਣੇ
੯ ਵਡੇ ਪਤੇ ਅਤੇ ਅਚਰਜ ਕੰਮ ਕੀਤੇ । ਉਪਰੰਦ ਲਿਬਰ
ਤੀਨ ਅਤੇ ਕਿਰੀਨੀਦਿਆਂ ਅਤੇ ਆਲੇਕਸਾਂਦ੍ਰਿਜਾਦਿਆਂ
ਅਤੇ ਕਿਲਿਕਿਜਾਦਿਆਂ ਅਤੇ ਆਸਿਯਾਦਿਆਂਦੇ ਸਿਨਗਗ
ਦਿਆਂਦੇ ਕਿਤਨਿਆਕ ਮਨੁਖਾਨੇ ਉਠਕੇ ਸਤਿਫਾਨਸਦੇ ਨਾਲ
੧੦ ਵਿਚਾਰ ਕੀਤਾ । ਹੌਰਕੀ ਜਿਸਗਿਆਨ ਅਤੇ ਕਰਾਮਾਤ
ਕਰਕੈ ਤਿਸਨੇ ਆਖਿਆ ਸੋ ਹੋਵਣੇ ਨਾਹੀ ਹੰਘਕੈ ਤਿਨਾਨੇ ਕਿਤ
੧੧ ਨਿਆਕ ਮਨੁਖਾਨੂ ਫਲ ਵਿਖਾਇਕੇ ਸਦਿਆ ਤਿਨਾਮਨੁਖਾਨੇ
ਆਖਿਆ ਜੋ ਮੋਸਹ ਅਤੇ ਪਰਮੇਸੁਰਤੇ ਉਲਟੀ ਪਖੰਡਪਣੇਦੀ
੧੨ ਗਲਨੂ ਆਖਦੇ ਅਸਾਨੇ ਸੁਣੇ ਹੈਨ । ਅਤੇ ਤਿਨਾਨੇ ਲੋਕਾਂ
ਦੇ ਅਤੇ ਪੁਰਾਤਨਾ ਲੋਕਾਂਦੇ ਅਤੇ ਪਾਧਿਆਂਦੇ ਦਿਲਨੂ ਮਥਿ
ਆਹੈ ਅਤੇ ਤਿਸਦੇ ਪਾਸ ਆਇਕੇ ਤਿਸਨੂ ਫੜਿਆ ਅਤੇ
੧੩ ਸਭਾਵਿਚ ਆਂਦਾ । ਅਤੇ ਕੂੜੇ ਸਾਹਦਭੀ ਪ੍ਰਗਟ ਕੀਤੇ ਜੋ
ਜਿਨਾਨੇ ਆਖਿਆ ਜੋ ਏਹ ਪਵਿਤ੍ਰ ਥਾਉਂ ਅਤੇ ਤੌਰੈਤਦੀ ਦੁਸਮ
ਣੀਵਿਚ ਪਖੰਡਪਣੇਦੀ ਗਲ ਆਖਣੇਨੂ ਏਹੁ ਮਨੁਖ ਨਾਹੀ ਛਡ
੧੪ ਦਾਹੈਗਾ । ਕਿਉਂਕੇ ਤਿਸਦੀ ਏਹ ਗਲ ਅਸਾਨੇ ਸੁਣੀਹੈ ਜੋ ਏਹੁ
ਜਿਸੁ ਨਾਜਰੇਨ ਇਸਥਾਂਉਨੂ ਵਿਨਾਸੇਗਾ ਅਤੇ ਮੋਸਹਨੇ ਜਿਸ
ਹੁਕਮਨੂ ਅਸਾਡੇਤਾਂਈ ਦਿਤਾਹੈ ਤਿਨਾਸਭਨਾਨੂ ਬਦਲੇਗਾ ।
੧੫ ਤਦੋਂ ਜੇਹੜੇ ਲੋਕ ਮਜਲਿਸੀ ਬੈਸਨ ਤਿਨਾਨੇ ਤਿਸਤਾਂਈ ਏਕ
ਨਜਰ ਵੇਖਕੇ ਤਿਹਦਾ ਮੁਖ ਦੂਤ ਜੇਹਾ ਡਿਠਾ ।—

ਪਰਬ ਤਦੋਂ ਪ੍ਰਧਾਨ ਜਾਜਕ ਕੂਇਆ ਜੋ ਏਹ ਸਭ ਕੀ ਅਜੇਹੇ ਹੈਨ ।
੭ ਉਪਰੰਦ ਤਿਹਨੇ ਆਖਿਆ ਜੋ ਹੇ ਮਨੁਖੋ ਭਿਰਾਵੋ ਅਤੇ ਪਿਵੋ
ਸੁਣਹੁ ਅਸਾਡੇ ਵਡੇ ਆਬਰਹਾਮਦੇ ਮੇਸਪੋਤਾਮਿਯਾਦੇਵਿਚ
ਰਹਣੇ ਸਮੇ ਤਿਸਤੇ ਖਰਾਨਵਿਚ ਰਹਣੇਤੇ ਪਹਲੇ ਤੇਜਰੂਪ ਪਰ
੩ ਮੇਸੁਰਨੇ ਤਿਸਨੂ ਵਿਖਾਲੀ ਦਿਤੀ । ਅਤੇ ਬੋਲਿਆ ਜੋ



ਤੂੰ ਆਪਣੇ ਦੇਸ ਅਤੇ ਪਰਿਵਾਰ ਛਡਕੈ ਜਿਸਦੇਸਨੂ ਮੈਂ ਤੇਰੇ
੪ ਤਾਂਈ ਵਿਖਾਵਾਂਗਾ ਤਿਸਦੇਸਵਿਚ ਜਾਹ । ਤਦੋਂ ਸੋ ਕਸਿ
ਦੀ ਦੇਸਨੂ ਛਡਕੇ ਖਾਰਾਨਵਿਚ ਰਹਿਆ ਤਦੋਂ ਤਿਸਦੇ ਪਿਉਦੇ
ਮੂਏ ਉਪਰੰਦ ਸੋ ਤਿਸਥਾਂਉਨੂ ਛਡਕੇ ਏਸਦੇਸਵਿਚ ਆਇ
੫ ਆ ਜੋ ਜਿਹਅੰਦਰ ਤੁਸੀ ਹੁਣ ਵਸਦੇ ਹੋਹੁੰਗੇ । ਤਿਸਦੇ
ਵਿਚ ਤਿਹਨੇ ਤਿਸਤਾਂਈ ਅਧਿਕਾਰ ਕੁਹ ਨਾਹੀ ਦਿਤਾਂ ਏਕ ਵਿ
ਸਵਾਂ ਭੁਇਤੀ ਨਾਹੀ ਦਿਤੀ ਹੌਰਕੀ ਪ੍ਰਣ ਕੀਤਾ ਜੋ ਅਧਿਕਾਰ
ਲਈਂ ਤਿਹਨੂ ਮੈ ਦੇਵਾਂਗਾ ਅਤੇ ਤਿਹਦਾ ਕੋਈ ਪੁਤਭੀ ਨਾਹੀ
੬ ਹੋਣੇਤੇ ਤਿਸਦੇ ਉਪਰੰਦ ਤਿਸਦੇ ਪੁਤਤਾਂਈ ਦੇਵਾਂਗਾ । ਪਰ
ਮੇਸੁਰਨੇ ਏਹੁਭੀ ਆਖਿਆ ਜੋ ਤਿਸਦੇ ਵੰਸ ਹੋਰ ਦੇਸਵਿਚ ਰਹ
ਣਗੇ ਅਤੇ ਜੋ ਤਿਸਵਿਚ ਸੈ ਮਨੁਖ ਤਿਨਾਨੂ ਨਫਰ ਕਰਣਗੇ ਅਤੇ
੭ ਚਹੁੰਸਆਂ ਵਰਸਾਂਤੀਕੁਰ ਤਿਨਾਨੂ ਦੁਖ ਦੇਵਣਗੇ । ਪਰਮੇਸੁਰ
ਹੋਰਭੀ ਬੋਲਿਆਸੀ ਉਪਰੰਦ ਜਿਸਦੇਸਦਿਆਂ ਮਨੁਖਾਦੇ ਗੋਲ
ਪਣ ਟਹਲਵਿਚ ਸੋ ਰਹਣਗੇ ਤਿਸਜਾਤਿਨੂ ਦੰਡ ਦੇਵਾਂਗਾ ਉਪ
ਰੰਦ ਸੋ ਬਾਹਿਰ ਆਇਕੇ ਏਸਥਾਂਉਵਿਚ ਮੇਰੀ ਸੇਵਾ ਕਰਣਗੇ ।
੮ ਤਿਨਾਨੇ ਸੁਨਤ ਕਰਣੇਦਾ ਨਿਜਮਭੀ ਤਿਸਤਾਂਈ ਦਿਤਾ ਉਪ
ਰੰਦ ਆਬਰਹਾਮਨੇ ਜਿਸਖਾਕਨੂ ਉਪਜਾਇਆ ਅਤੇ ਅਠਵੇਂ
ਦਿਹਾੜੇ ਤਿਹਦੀ ਸੁਨਤ ਕੀਤੀ ਉਪਰੰਦ ਜਿਸਖਾਕਨੇ ਜਆਕੂ
ਬਨੂ ਉਪਜਾਇਆ ਅਤੇ ਜਆਕੂਬਨੇ ਬਾਰਾਂ ਵਡਿਆਂਨੂ ਉਪ
੯ ਜਾਇਆ । ਵਡਿਆਂ ਲੋਕਾਂਨੇ ਰੀਸ ਕਰਕੈ ਜੁਸਫਨੂ ਮਿਸਰਨੂ
ਜਾਣੇਹਾਰੇ ਲੋਕ ਪਾਸ ਵੇਚਿਆ ਪਰੁ ਪਰਮੇਸੁਰ ਤਿਸਦੇ ਸੰਗ
੧੦ ਹੋਇਆ । ਅਤੇ ਤਿਹਦਿਆਂ ਸਭਨਾ ਦੁਖਾਂਤੇ ਤਿਹਨੂ ਛਡਾ
ਇਆ ਅਤੇ ਮਿਸਰਦੇ ਰਾਜੇ ਫਰੋਆਹਦੇ ਪਾਸ ਤਿਸਤਾਂਈ
ਦਯਾ ਅਤੇ ਅਕਲ ਦਿਤੀ ਤਿਸਤੇ ਤਿਹਨੇ ਮਿਸਰ ਦੇਸਦਾ
ਅਤੇ ਆਪਣੇ ਘਰਦਾ ਕੁਲਕੁਲਾਂ ਮੁਕਤਿਆਰ ਤਿਹਨੂ ਕੀਤਾ ।
੧੧ ਉਪਰੰਦ ਮਿਸਰ ਅਤੇ ਕਨਆਨਦੇ ਸਭ ਦੇਸਵਿਚ ਦੁਰਭਿਖ
ਅਤੇ ਵਡਾ ਕਲੇਸ ਹੋਇਆ ਤਿਸਵਾਸਤੇ ਅਸਾਡਿਆਂ ਵਡਿ